੧ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰੂ ਗੋਬਿੰਦ ਸਿੰਘ ਜੀ
# ਦਾ
# ਸੱਚਖੰਡ ਗਮਨ

ਆਦਿ ਗ੍ਰੰਥ ਸਾਹਿਬ ਜੀ ਨੂੰ ਗੁਰੂ ਪਦਵੀ ਪ੍ਰਾਪਤੀ ਦੀ
316 ਵੀਂ ਵਰ੍ਹੇ ਗੰਡ ਦੇ ਪੁਨੀਤ ਅਵਸਰ ਤੇ
ਆਪ ਜੀ ਨੂੰ ਹਾਰਦਿਕ ਵਧਾਈ!!!

ਨਾਨਕ ਸ਼ਾਹੀ ਸੰਮਤ 546

ਆਗਿਆ ਭਈ ਅਕਾਲ ਕੀ,ਤਭੀ ਚਲਾਇਓ ਪੰਥ॥
ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥
ਗੁਰੂ ਗ੍ਰੰਥ ਜੀ ਮਾਨਇਓ, ਪ੍ਰਗਟ ਗੁਰਾਂ ਕੀ ਦੇਹ॥
ਜੋ ਪ੍ਰਭ ਕੋ ਮਿਲਬੋ ਚਾਹੈ,ਖੋਜ਼ ਸ਼ਬਦ ਮਹਿ ਲੇਹ॥

ਪ੍ਰਕਾਸ਼ਕ
ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟ੍ਰਸਟ, ਚੰਡੀਗੜ

ਲੇਖਕ-ਜਸਵੀਰ ਸਿੰਘ Ph. : (0172-2696891), 09988160484

Download Free

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸੱਚਖੰਡ ਗਮਨ

## ਪੰਡਿਤ ਵਿਸ਼ੰਬਰ ਦੱਤ ਜੀ

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਇੱਕ ਵਿਸ਼ੰਬਰ ਦੱਤ ਨਾਮ ਦੇ ਪੰਡਤ ਜੀ ਆਪਣੇ ਪੁੱਤਰ ਨਾਲ ਕਾਸ਼ੀ ਨਗਰ ਤੋਂ ਆਏ। ਗੁਰੂਦੇਵ ਜੀ ਨੇ ਇੱਕ ਵਿਦਵਾਨ ਹੋਣ ਦੇ ਨਾਤੇ ਉਨ੍ਹਾਂ ਦਾ ਆਦਰ ਕੀਤਾ। ਪੰਡਤ ਜੀ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਇਥੇ ਕੁਝ ਦਿਨਾਂ ਲਈ ਸ਼ਾਸਤਰਾਂ ਦੀ ਕਥਾ ਕਰਨ ਦਾ ਮੌਕਾ ਦਿੱਤਾ ਜਾਵੇ। ਗੁਰੂਦੇਵ ਜੀ ਨੇ ਇਸ ਵਿਚਾਰ ਨਾਲ ਕਿ ਸੰਗਤਾਂ ਨੂੰ ਤੁਲਨਾਤਮਿਕ ਦ੍ਰਿਸ਼ਟੀ ਤੋਂ ਗਿਆਨ ਮਿਲ ਸਕੇ, ਪੰਡਤ ਜੀ ਨੂੰ ਆਗਿਆ ਦੇ ਦਿੱਤੀ। ਪੰਡਤ ਜੀ ਹਰ ਰੋਜ਼ 'ਗਰੁੜ ਪੁਰਾਣ' ਦੀ ਕਥਾ ਕਰਨ ਲੱਗੇ। ਸੰਗਤ ਵਿਚ ਵਧੇਰੇ ਲੋਕ ਹਰ ਰੋਜ਼ ਗੁਰਮਤਿ ਵਿਚਾਰਧਾਰਾ ਦਾ ਗਿਆਨ ਸਰਵਨ ਕਰਦੇ ਸਨ, ਉਨ੍ਹਾ ਨੂੰ ਪੰਡਤ ਜੀ ਦੁਆਰਾ ਸੁਣਾਈ ਜਾ ਰਹੀ ਕਥਾ ਗੁਰਮਤਿ ਵਿਰੋਧੀ ਅਤੇ ਅਵਿਗਿਆਨਕ ਲੱਗੀ। ਕਈ ਸਿੱਖ ਤਾਂ ਕਥਾ ਦੇ ਪ੍ਰਸੰਗਾਂ ਤੇ ਅਨੇਕ ਸ਼ੰਕੇ ਪ੍ਰਗਟ ਕਰਦੇ ਅਤੇ ਕਈ ਅਜੀਬ ਸੁੰਦਰਭਾ ਤੇ ਹੱਸ ਪੈਂਦੇ। ਇਸ ਤਰ੍ਹਾਂ ਪੰਡਤ ਜੀ ਖਿਝ ਪੈਂਦੇ ਪਰ ਉਨ੍ਹਾਂ ਕੋਲ ਸਿੱਖਾਂ ਦੇ ਤਰਕ ਦਾ ਕੋਈ ਸਹੀ ਜਵਾਬ ਤਾਂ ਹੁੰਦਾ ਨਹੀਂ ਸੀ, ਬਸ ਉਹ ਕੇਵਲ ਇਹ ਕਹਿ ਕੇ ਸੰਗਤ ਨੂੰ ਤਸੱਲੀ ਦੇਣ ਦਾ ਅਸਫਲ ਯਤਨ ਕਰਦੇ ਕਿ ਸ਼ਾਸਤਰਾਂ ਦੀਆਂ ਗਲਾਂ ਤੇ ਸ਼ੱਕ ਜ਼ਾਹਰ ਕਰਨਾ ਠੀਕ ਨਹੀਂ, ਇਨ੍ਹਾਂ ਨੂੰ ਸਚਾਈ ਸਮਝ ਕੇ ਮੰਨ ਲੈਣਾ ਚਾਹੀਦਾ ਹੈ।

ਪੰਡਤ ਵਿਸ਼ੰਬਰ ਦੱਤ ਜੀ ਸਿੱਖਾਂ ਦੇ ਵਿਵੇਕਪੂਰਨ ਤਕਰਸ਼ੀਲ ਪ੍ਰਸ਼ਨਾਂ ਦੇ ਸਾਹਮਣੇ ਟਿੱਕ ਨਾ ਸਕੇ ਅਤੇ ਹਾਸੇ-ਵਿਅੰਗ ਦਾ ਕਾਰਨ ਬਣ ਗਏ। ਮਜਬੂਰ ਹੋ ਕੇ ਉਨ੍ਹਾਂ ਨੇ 'ਗਰੁੜ ਪੁਰਾਣ' ਦੀ ਕਥਾ ਅੱਧ-ਵਿਚਾਲੇ ਹੀ ਖਤਮ ਕਰ ਦਿੱਤੀ ਅਤੇ ਗੁਰੂਦੇਵ ਜੀ ਨੂੰ ਬੇਨਤੀ ਕਰਨ ਲੱਗੇ, "ਮੈਨੂੰ ਆਗਿਆ ਦਿਉ ਕਿ ਮੈਂ ਆਪਣੇ ਨਿਵਾਸ ਸਥਾਨ ਕਾਸ਼ੀ ਤੋਂ ਕੁਝ ਹੋਰ ਗ੍ਰੰਥ ਮੰਗਵਾ ਲਵਾਂ ਅਤੇ ਉਨ੍ਹਾਂ ਦੀ ਕਥਾ ਸ਼ੁਰੂ ਕਰਾਂ ਜਿਸ ਨਾਲ ਇਥੋਂ ਦੀ ਸਥਾਨਕ ਸੰਗਤ ਨੂੰ ਸੰਤੁਸ਼ਟ ਕਰ ਸਕਾਂ।"

ਗੁਰੂਦੇਵ ਜੀ ਨੇ ਆਗਿਆ ਦੇ ਦਿੱਤੀ। ਪੰਡਤ ਜੀ ਨੇ ਆਪਣੇ ਪੁੱਤਰ ਪਿਤੰਬਰ ਦੱਤ ਨੂੰ ਕਾਸ਼ੀ ਭੇਜਣ ਲਈ ਤਿਆਰੀ ਸ਼ੁਰੂ ਕਰ ਦਿੱਤੀ। ਉਸਨੇ ਗੁਰੂਦੇਵ ਜੀ ਤੋਂ ਰਸਤੇ ਦੇ ਖਰਚ ਲਈ ਧਨ ਦੇ ਰੂਪ ਵਿਚ ਵੱਡੀ ਰਕਮ ਲਈ ਅਤੇ ਸ਼ੁਭ ਮਹੂਰਤ ਕੱਢ ਕੇ ਸਭ ਪ੍ਰਕਾਰ ਦੇ ਪੂਜਾ-ਪਾਠ ਕੀਤੇ। ਫਿਰ ਆਪਣੇ ਪੁੱਤਰ ਨੂੰ ਨਗਰ ਦੇ ਬਾਹਰ ਛੱਡਣ ਚਲੇ ਗਏ। ਰਾਹ ਵਿਚ ਇੱਕ ਗਧਾ ਹਿਣਕ ਪਿਆ। ਪੰਡਤ ਜੀ ਨੇ ਇਸ ਗੱਲ ਨੂੰ ਅਪਸ਼ਗਨ ਮੰਨ ਲਿਆ ਅਤੇ ਬਾਪ-ਬੇਟਾ ਦੋਵੇਂ ਵਾਪਸ ਪਰਤ ਆਏ।

ਪੰਡਤ ਜੀ ਦਾ ਲੜਕਾ ਰਾਹ ਵਿਚੋਂ ਹੀ ਵਾਪਸ ਆ ਗਿਆ, ਇਹ ਪਤਾ ਲੱਗਣ ਤੇ ਗੁਰੂਦੇਵ ਜੀ ਨੇ ਪੰਡਤ ਤੋਂ ਇਸ ਦਾ ਕਾਰਨ ਪੁਛਿਆ? ਪੰਡਤ ਜੀ ਨੇ ਦੱਸਿਆ ਕਿ ਮੈਂ ਤਾਂ ਸਾਰੇ ਗ੍ਰਹਿ-ਨਸ਼ੱਤਰਾਂ ਦਾ ਧਿਆਨ ਰੱਖ ਕੇ ਸ਼ੁਭ ਮਹੂਰਤ ਕਢਿਆ ਸੀ ਪਰ ਰਾਹ ਵਿਚ ਇੱਕ ਗਧੇ ਦੇ ਹਿਣਕਣ ਨਾਲ ਅਪਸ਼ਗਨ ਹੋ ਗਿਆ, ਇਸ ਲਈ ਅਸੀਂ ਵਾਪਸ ਆ ਗਏ। ਇਹ ਸਪਸ਼ਟੀਕਰਨ ਸੁੱਣ ਕੇ ਸੰਗਤ ਵਿਚ ਹਾਸਾ ਪੈ ਗਿਆ ਅਤੇ ਹੱਸ-ਹੱਸ ਕੇ ਸਾਰੇ ਲੋਟ-ਪੋਟ ਹੋਣ ਲੱਗੇ। ਫਿਰ ਗੁਰੂਦੇਵ ਜੀ ਨੇ ਪੰਡਤ ਜੀ ਤੋਂ ਪੁੱਛਿਆ "ਕੀ ਇੱਕ ਗਧੇ ਦਾ ਹਿਣਕਣਾ ਵਧੇਰੇ ਮਹੱਤਵਪੂਰਨ ਅਤੇ ਸ਼ਕਤੀਸ਼ਾਲੀ ਹੈ, ਤੁਹਾਡੇ ਸ਼ੁਭ-ਮਹੂਰਤ ਦੇ ਪੂਜਾ-ਪਾਠ ਨਾਲੋਂ ? ਇਕ ਗਧੇ ਦਾ ਹਿਣਕਣਾ ਇੱਕ ਸਹਿਜ ਕਿਰਿਆ ਹੈ, ਕੀ ਉਹ ਪੂਜਾ-ਪਾਠ ਦੀ ਸ਼ਕਤੀ ਨੂੰ ਘਟਾ ਸਕਦਾ ਹੈ ? ਜੇ ਤੁਹਾਨੂੰ ਆਪਣੇ ਪੂਜਾ-ਪਾਠ ਤੇ ਏਨਾ ਵੀ ਭਰੋਸਾ ਨਹੀਂ ਤਾਂ ਤੁਹਾਡੀ ਸੁਣਾਈ ਕਥਾ ਤੇ ਕਿਸੇ ਦਾ ਕੀ ਭਰੋਸਾ ਹੋ ਸਕੇਗਾ ?" ਇਸ ਪ੍ਰਸ਼ਨ ਦਾ ਜਵਾਬ ਪੰਡਤ ਜੀ ਨੂੰ ਨਹੀਂ ਸੁਝਿਆ, ਉਹ ਆਪਣਾ ਹੀ ਮੂੰਹ ਲੈ ਕੇ ਬੈਠ ਗਏ। ਗੁਰੂਦੇਵ ਜੀ ਨੇ ਸੰਗਤ ਨੂੰ ਸੰਬੋਧਿਤ ਕਰਕੇ ਕਿਹਾ, "ਗੁਰੂ ਨਾਨਕ ਦੇਵ ਜੀ ਦਾ ਪੰਥ ਇਨ੍ਹਾਂ ਨਿਰਾਰਥਕ ਕਰਮ-ਕਾਂਡਾਂ ਤੋਂ ਉਪਰ ਹੈ। ਆਉ ! ਤੁਹਾਨੂੰ ਉਸ ਦਾ ਇੱਕ ਵਿਵਹਾਰਿਕ ਰੂਪ ਦਿਖਾਈਏ । ਉਨ੍ਹਾਂ ਨੇ ਤੁਰੰਤ ਇੱਕ ਸਿੱਖ ਨੂੰ ਬੁਲਾਇਆ ਅਤੇ ਉਸ ਨੂੰ ਆਦੇਸ਼ ਦਿੱਤਾ ਕਿ ਤੁਸੀਂ ਸੰਗਲਾ ਦੀਪ (ਸ੍ਰੀ ਲੰਕਾ) ਜਾਉ, ਉਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇੱਕ ਪੁਸਤਕ ਹੈ, ਬਾਬਾ ਬੁੱਢਾ ਜੀ ਨੇ ਸਾਨੂੰ ਦੱਸਿਆ ਹੈ ਕਿ ਉਥੋਂ ਦੇ ਸਥਾਨਕ ਬੁੱਧ ਭਿਕਸ਼ੂਆਂ ਦੇ ਨਾਲ ਗੋਸ਼ਟੀ ਦੇ ਰੂਪ ਵਿਚ ਪੁਸਤਕ ਸੰਗ੍ਰਹਿਤ ਕੀਤੀ ਗਈ ਸੀ। ਉਸ ਪੁਸਤਕ ਨੂੰ ਲੈ ਕੇ ਆਉ। ਤੁਰੰਤ ਸਿੱਖ ਨੇ ਕਿਹਾ, "ਸਤ-ਬਚਨ, ਮੈਂ ਹੁਣੇ ਜਾਂਦਾ ਹਾਂ, ਗੁਰੂਦੇਵ। ਉਹ ਸੀਸ ਝੁਕਾ ਕੇ ਤੁਰਨ ਲੱਗਾ। ਗੁਰੂਦੇਵ ਜੀ ਨੇ ਪੁੱਛਿਆ, "ਰਾਹ ਦੇ ਲਈ ਕਿਸੇ ਖਰਚ ਆਦਿ ਦੀ ਲੋੜ ਹੈ ਤਾਂ ਦਸੋ।" ਸਿੱਖ ਨੇ ਜਵਾਬ ਦਿੱਤਾ ਤੁਹਾਡਾ ਅਸ਼ੀਰਵਾਦ ਮੇਰੇ ਨਾਲ ਹੈ, ਜਿਥੇ ਵੀ ਮੈਂ ਪਹੁੰਚਾਂਗਾ, ਉਥੇ ਆਪ ਜੀ ਦੇ

ਸਿੱਖ ਮੈਨੂੰ ਹਰ ਪ੍ਰਕਾਰ ਦੀ ਸਹਾਇਤਾ ਦੇਣਗੇ। ਆਪ ਜੀ ਦੇ ਸੇਵਕ ਪੂਰੇ ਭਾਰਤਵਰਸ਼ ਵਿਚ ਫੈਲੇ ਹੋਏ ਹਨ।" ਗੁਰੂ ਜੀ ਨੇ ਉਸ ਨੂੰ ਅਸ਼ੀਰਵਾਦ ਦੇ ਕੇ ਵਿਦਾ ਕੀਤਾ।

ਗੁਰੂ ਜੀ ਦਾ ਇਹ ਵਿਸ਼ੇਸ਼ ਦੂਤ ਲਗਭਗ ਤਿੰਨ ਮਹੀਨਿਆਂ ਵਿਚ ਸੰਗਲਾ ਦੀਪ ਪਹੁੰਚ ਗਿਆ। ਜਦੋਂ ਉਥੋਂ ਦੇ ਸਥਾਨਕ ਨਰੇਸ਼ ਨੂੰ ਮਾਲੂਮ ਹੋਇਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉੱਤਰਾਧਿਕਾਰੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਬੰਧ ਵਿਚ ਲਿਖਵਾਈ ਪੁਸਤਕ ਮੰਗਵਾਈ ਹੈ ਤਾਂ ਨਰੇਸ਼ ਨੇ ਸਿੱਖ ਦਾ ਹਾਰਦਿਕ ਸੁਆਗਤ ਕੀਤਾ ਅਤੇ ਸਿੱਖ ਦੇ ਆਦਰ-ਸਤਿਕਾਰ ਵਿਚ ਕਿਸੇ ਤਰ੍ਹਾਂ ਦੀ ਕੋਈ ਕਸਰ ਨਾ ਛੱਡੀ। ਸੰਗਲਾ ਦੀਪ ਦੇ ਤਤਕਾਲੀਨ ਸ਼ਾਸਕ ਨੇ ਆਪਣੀਆਂ ਸਾਰੀਆਂ ਲਾਇਬ੍ਰੇਰੀਆਂ ਵਿਚ ਜਾਂਚ ਕਰਵਾਈ ਪਰ ਗੁਰੂ ਨਾਨਕ ਜੀ ਦੁਆਰਾ ਕੀਤੀ ਗਈ ਗੋਸ਼ਟੀ ਵਾਲੀ ਪੁਸਤਕ ਨਹੀਂ ਮਿਲੀ, ਉਹ ਕਿਤੇ ਗੁੰਮ ਹੋ ਚੁੱਕੀ ਸੀ। ਅਖੀਰ ਵਿਚ ਸ਼ਾਸਕ ਨੇ ਬੁੱਧ ਭਿਕਸ਼ੂਆਂ ਦੁਆਰਾ ਰਚੀ ਇੱਕ ਪੁਸਤਕ ਸਿੱਖ ਨੂੰ ਦੇ ਦਿੱਤੀ, ਜਿਸ ਦਾ ਨਾਂ 'ਪ੍ਰਾਣ-ਸੰਗਲੀ' ਸੀ ਇਸ ਪੁਸਤਕ ਵਿਚ ਬੁੱਧ ਭਿਕਸ਼ੂਆਂ ਦੁਆਰਾ 'ਪ੍ਰਾਣਾਯਾਮ' (ਯੋਗਾ ਦਾ ਨਾਮ) ਕਰਨ ਦੀਆਂ ਵਿਧੀਆਂ ਆਦਿ ਲਿਖੀਆਂ ਸਨ। ਇਹ ਪੁਸਤਕ ਦੇ ਕੇ ਨਰੇਸ਼ ਨੇ ਸਿੱਖ ਨੂੰ ਵਿਦਾ ਕਰ ਦਿੱਤਾ, ਨਾਲ ਹੀ ਗੁਰੂ ਅਰਜਨ ਦੇਵ ਜੀ ਦੇ ਨਾਮ ਇੱਕ ਚਿੱਠੀ ਦਿੱਤੀ, ਜਿਸ ਵਿਚ ਉਸਨੇ ਮੁਆਫੀ ਲਈ ਲਿਖਿਆ ਸੀ ਕਿ ਉਹ ਗੁਰੂਦੇਵ ਜੀ ਦੀ ਅਮਾਨਤ ਨੂੰ ਸੁਰੱਖਿਅਤ ਨਹੀਂ ਰੱਖ ਸਕਿਆ, ਇਸ ਗੱਲ ਦਾ ਉਸ ਨੂੰ ਬਹੁਤ ਦੁੱਖ ਹੈ।

ਇਹ ਪੁਸਤਕ ਲੈ ਕੇ ਲਗਭਗ ਛੇ ਮਹੀਨਿਆਂ ਵਿਚ ਸਿੱਖ ਵਾਪਸ ਆ ਗਿਆ। ਗੁਰੂਦੇਵ ਜੀ ਨੇ ਉਹ ਚਿੱਠੀ ਪੜ੍ਹੀ ਅਤੇ ਉਸ ਪੁਸਤਕ ਨੂੰ ਵਾਚਿਆ ਤੇ ਦੇਖਿਆ ਕਿ ਇਹ ਰਚਨਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦੇ ਉਲਟ ਹੈ, ਇਸ ਲਈ ਇਸ ਦਾ ਉਨ੍ਹਾਂ ਲਈ ਕੋਈ ਮਹਤੱਵ ਨਹੀਂ ਸੀ। ਇਸ ਕਰਕੇ ਉਨ੍ਹਾਂ ਨੇ ਇਸ ਪੁਸਤਕ ਨੂੰ ਅਗਨੀ ਭੇਂਟ ਕਰ ਦਿੱਤਾ। ਇਸ ਦੀ ਸੁਆਹ ਬਿਆਸਾ ਨਦੀ ਵਿਚ ਜਲ-ਪ੍ਰਵਾਹ ਕਰਵਾ ਦਿੱਤੀ।

## ਆਦਿ ਬੀੜ (ਗ੍ਰੰਥ ਸਾਹਿਬ) ਦਾ ਸੰਕਲਨ

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਕੁਝ ਸ਼ਰਧਾਲੂ ਸਿੱਖ ਹਾਜ਼ਰ ਹੋਏ ਅਤੇ ਬੇਨਤੀ ਕਰਨ ਲੱਗੇ ਕਿ ਗੁਰੂਦੇਵ ਜੀ ਤੁਹਾਡੇ ਦੁਆਰਾ ਰਚਿਤ ਬਾਣੀ ਅਤੇ ਪਹਿਲੇ ਚਾਰ ਗੁਰੂਆਂ ਦੁਆਰਾ

ਰਚਿਤ ਬਾਣੀ ਦਾ ਜਦ ਅਸੀਂ ਅਧਿਐਨ ਕਰਦੇ ਹਾਂ ਤਾਂ ਮਨ ਨੂੰ ਸ਼ਾਂਤੀ ਮਿਲਦੀ ਹੈ ਪਰ ਇਸ ਦੇ ਉਲਟ ਤੁਹਾਡੇ ਭਰਾ ਸ੍ਰੀ ਪ੍ਰਿੰਥੀਚੰਦ ਅਤੇ ਉਨ੍ਹਾਂ ਦੇ ਪੁੱਤਰ ਮਿਹਰਬਾਨ ਦੁਆਰਾ ਰਚਿਤ ਕਾਵਿ ਮਨ ਨੂੰ ਚੰਚਲ ਕਰ ਦੇਂਦੇ ਹਨ ਅਥਵਾ ਅਭਿਮਾਨੀ ਬਣਾਉਂਦੇ ਹਨ। ਇਸ ਦਾ ਕੀ ਕਾਰਨ ਹੈ ?

ਇਹ ਪ੍ਰਸ਼ਨ ਸੁਣ ਕੇ ਗੁਰੂ ਜੀ ਗੰਭੀਰ ਹੋ ਗਏ ਅਤੇ ਕੁਝ ਸਮਾਂ ਚੁਪ ਰਹਿਣ ਤੋਂ ਬਾਅਦ ਜਵਾਬ ਦਿੱਤਾ ਕਿ ਤੀਸਰੇ ਗੁਰੂ ਅਮਰਦਾਸ ਜੀ ਇਸ ਗੱਲ ਦਾ ਫੈਸਲਾ ਸਮੇਂ ਤੋਂ ਪਹਿਲਾਂ ਹੀ ਕਰ ਗਏ ਹਨ। ਉਨ੍ਹਾਂ ਦਾ ਕਥਨ ਹੈ ਕਿ ਜਿਹੜਾ ਮਨੁੱਖ ਆਪਣੀ ਹੋਂਦ ਨੂੰ ਮਿਟਾ ਕੇ ਉਸ ਪ੍ਰਭੂ ਵਿਚ ਅਭੇਦ ਹੋ ਜਾਵੇ ਅਰਥਾਤ ਸੱਚ ਵਿਚ ਸਮਾ ਜਾਵੇ, ਤੁਰੰਤ ਬਾਅਦ ਉਹ ਆਪਣੇ ਅਨੁਭਵ ਅਤੇ ਗਿਆਨ ਜਗਿਆਸੂਆਂ ਨੂੰ ਦੇਵੇ, ਭਾਵੇਂ ਉਹ ਗਿਆਨ ਕਾਵਿ-ਰੂਪ ਜਾਂ ਵਾਰਤਕ ਕਿਸੇ ਵਿਚ ਵੀ ਹੋਵੇ, ਕਿਉਂਕਿ ਇਹ ਅਨੁਭਵ ਤੇ ਗਿਆਨ ਉਸ ਅਸੀਮ ਪ੍ਰਭੂ ਮਿਲਨ ਤੋਂ ਪੈਦਾ ਹੋਇਆ ਹੈ, ਇਸ ਲਈ ਇਹ ਆਮ ਜਨਤਾ (ਸਮੂਹ ਸੰਗਤ) ਲਈ ਕਲਿਆਣਕਾਰੀ ਬਣ ਜਾਂਦਾ ਹੈ। ਇਸ ਦੇ ਉਲਟ ਜੋ ਮਨੁੱਖ ਕੇਵਲ ਪਾਖੰਡ ਕਰਕੇ ਗੁਰੂ ਹੋਣ ਦਾ ਆਡੰਬਰ ਕਰਦੇ ਹਨ ਅਥਵਾ ਤ੍ਰਿਸ਼ਨਾਵਾਂ ਵਿਚ ਫਸੇ ਰਹਿੰਦੇ ਹਨ ਭਾਵ ਮਨ ਤੇ ਜਿੱਤ ਪ੍ਰਾਪਤ ਨਹੀਂ ਕਰਦੇ ਉਨ੍ਹਾਂ ਦੁਆਰਾ ਰਚਿਤ ਕਾਵਿ ਅਤੇ ਉਪਦੇਸ਼ ਸ਼ਰਧਾਲੂਆਂ ਤੇ ਕੋਈ ਚੰਗਾ ਪ੍ਰਭਾਵ ਨਹੀਂ ਪਾ ਸਕਦੇ, ਕਿਉਂਕਿ ਉਨ੍ਹਾਂ ਦੀ ਰਚਨਾ ਕੇਵਲ ਅਨੁਮਾਨ ਤੇ ਆਧਾਰਿਤ ਹੁੰਦੀ ਹੈ, ਅਨੁਭਵ ਅਤੇ ਗਿਆਨ ਤੇ ਆਧਾਰਿਤ ਨਹੀਂ। ਇਸ ਲਈ ਗੁਰੂ ਜੀ ਨੇ ਉਨ੍ਹਾਂ ਦੀਆਂ ਰਚਨਾਵਾਂ ਨੂੰ ਕੱਚੀ ਬਾਣੀ ਦੱਸਿਆ ਅਤੇ ਕਿਹਾ ਕਿ ਉਹ ਖੁਦ ਕੱਚੇ ਲੋਕ ਹਨ, ਇਸ ਲਈ ਉਹ ਪੂਰਨ ਪਾਰਬ੍ਰਹਮ ਦੀ ਕੀ ਵਡਿਆਈ ਕਰਨਗੇ?

"ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥
ਕਹਦੇ ਕਚੇ ਸੁਣਦੇ ਕਚੇ, ਕਚੀ ਆਖਿ ਵਖਾਣੀ ॥

ਇਹ ਜਵਾਬ ਸੁਣ ਕੇ ਸ਼ਰਧਾਲੂ ਸਿੱਖ ਸੰਤੁਸ਼ਟ ਹੋ ਗਏ, ਪਰ ਉਨ੍ਹਾਂ ਵਿਚੋਂ ਇੱਕ ਨੇ ਕਿਹਾ, "ਗੁਰੂਦੇਵ। ਅਸੀਂ ਆਮ ਲੋਕ ਕੱਚੀ ਅਤੇ ਪੱਕੀ ਬਾਣੀ ਵਿਚ ਫਰਕ ਕਿਵੇਂ ਸਮਝ ਸਕਾਂਗੇ ?" ਉਸ ਸਮੇਂ ਕੋਲ ਹੀ ਭਾਈ ਗੁਰਦਾਸ ਜੀ ਬੈਠੇ ਸਨ। ਉਨ੍ਹਾਂ ਨੇ ਗੁਰੂ ਜੀ ਤੋਂ ਆਗਿਆ ਲੈ ਕੇ ਇਸ ਪ੍ਰਸ਼ਨ ਦਾ ਜਵਾਬ ਇੰਝ ਦਿੱਤਾ। ਉਹ ਕਹਿਣ ਲੱਗੇ, "ਜਿਵੇਂ ਕਿ ਬਹੁਤ ਸਾਰੇ ਆਦਮੀ ਕਿਸੇ

ਕਮਰੇ ਵਿੱਚ ਬੈਠੇ ਵਾਰਤਾਲਾਪ ਕਰ ਰਹੇ ਹੋਣ ਤਾਂ ਦੂਸਰੇ ਕਮਰੇ ਵਿਚ ਬੈਠੀਆਂ ਇਸਤਰੀਆਂ ਆਪਣੇ ਆਪਣੇ ਪਤੀਆਂ ਦੀ ਆਵਾਜ਼ ਪਹਿਚਾਣ ਲੈਂਦੀਆਂ ਹਨ, ਠੀਕ ਇਸੇ ਤਰ੍ਹਾਂ ਗੁਰੂ ਸਿੱਖ ਆਪਣੇ ਗੁਰੂ ਦੀ ਬਾਣੀ ਨੂੰ ਪਹਿਚਾਣ ਜਾਂਦੇ ਹਨ। ਇਸ ਤੇ ਜਗਿਆਸੂ ਸਿੱਖਾਂ ਨੇ ਸ਼ੰਕਾ ਪ੍ਰਗਟ ਕੀਤੀ ਅਤੇ ਕਿਹਾ, "ਤੁਸੀਂ ਠੀਕ ਕਹਿੰਦੇ ਹੋ, ਪਰ ਭਵਿੱਖ ਵਿਚ ਸਾਧਾਰਨ ਜਗਿਆਸੂਆਂ ਨੂੰ ਭਰਮਾਇਆ ਜਾ ਸਕਦਾ ਹੈ, ਕਿਉਂਕਿ ਤੁਹਾਡਾ ਭਤੀਜਾ ਮਿਹਰਬਾਨ ਕੁਝ ਕਵੀਆਂ ਦੀ ਸਹਾਇਤਾ ਪ੍ਰਾਪਤ ਕਰਕੇ ਬਾਣੀ ਦੀ ਰਚਨਾ ਕਰਨ ਦਾ ਯਤਨ ਕਰ ਰਿਹਾ ਹੈ। ਅਸਲ ਵਿਚ ਤੁਹਾਡੀ ਛਤਰ-ਛਾਇਆ ਵਿਚ ਰਹਿਣ ਕਰਕੇ ਉਹ ਗੁਰਮਤਿ ਸਿਧਾਂਤਾਂ ਨੂੰ ਵੀ ਜਾਣਦਾ ਹੈ। ਇਸ ਲਈ ਉਸ ਵਲੋਂ ਕੀਤਾ ਗਿਆ ਛਲ (ਧੋਖਾ) ਕਿਸੇ ਵੇਲੇ ਵੀ ਬਹੁਤ ਗਲਤ ਨਤੀਜਾ ਦੇ ਸਕਦਾ ਹੈ, ਕਿਉਂਕਿ ਉਹ ਆਪਣੀ ਕੱਚੀ ਬਾਣੀ ਵਿਚ 'ਨਾਨਕ' ਸ਼ਬਦ ਦੀ ਵਰਤੋਂ ਕਰ ਰਿਹਾ ਹੈ।"

ਗੁਰੁਦੇਵ ਜੀ ਇਸ ਵਿਸ਼ੇ ਤੇ ਬਹੁਤ ਗੰਭੀਰ ਹੋ ਗਏ ਅਤੇ ਕਹਿਣ ਲੱਗੇ ਕਿ ਬਹਤੁ ਸਮਾਂ ਪਹਿਲਾਂ ਜਦੋਂ ਮੈਂ ਲਾਹੌਰ ਆਪਣੇ ਤਾਇਆ ਜੀ ਸ੍ਰੀ ਸੀਹਾਰੀ ਮੱਲ ਜੀ ਦੇ ਸੱਦੇ ਤੇ ਉਨ੍ਹਾਂ ਦੇ ਬੇਟੇ ਦੇ ਸ਼ੁਭ ਵਿਆਹ ਤੇ ਗਿਆ ਸੀ, ਉਦੋਂ ਮੈਨੂੰ ਉਥੋਂ ਦੇ ਸਥਾਨਕ ਪੀਰਾਂ ਫਕੀਰਾਂ ਨੂੰ ਮਿਲਣ ਦਾ ਸੁਨਹਿਰੀ ਮੌਕਾ ਪ੍ਰਾਪਤ ਹੋਇਆ ਸੀ। ਉਨ੍ਹਾਂ ਦੀ ਨੇੜਤਾ ਪ੍ਰਾਪਤ ਕਰਨ ਤੋਂ ਬਾਅਦ ਸਾਡੇ ਹਿਰਦੇ ਵਿਚ ਇਹ ਇੱਛਾ ਪੈਦਾ ਹੋਈ ਸੀ ਕਿ ਇੱਕ ਅਜਿਹਾ ਅਧਿਆਤਮਕ ਗ੍ਰੰਥ ਦੁਨੀਆਂ ਵਿਚ ਰਚਿਆ ਜਾਣਾ ਚਾਹੀਦਾ ਹੈ, ਜਿਹੜਾ ਬਿਨਾਂ ਭੇਦ-ਭਾਵ ਦੇ ਸਮੂਹ ਮਾਨਵ ਸਮਾਜ ਦੇ ਲਈ ਕਲਿਆਣਕਾਰੀ ਹੋਵੇ। ਹੁਣ ਉਹ ਸਮਾਂ ਆ ਗਿਆ ਹੈ। ਇਸ ਲਈ ਸਾਨੂੰ ਤਨ, ਮਨ ਅਤੇ ਧਨ ਨਾਲ ਇਸ ਕੰਮ ਨੂੰ ਕਰਨ ਲਈ ਜੁੱਟ ਜਾਣਾ ਚਾਹੀਦਾ ਹੈ।

ਗੁਰੂ ਜੀ ਨੇ ਆਪਣੇ ਮਨ ਦੀ ਗੱਲ ਪ੍ਰਮੁੱਖ ਸਿੱਖ ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ ਅਤੇ ਭਾਈ ਬੰਨੋ ਜੀ ਨੂੰ ਦੱਸਦਿਆਂ ਹੋਇਆਂ ਕਿਹਾ, "ਹੁਣ ਹਰਿਮੰਦਰ ਸਾਹਿਬ ਤਿਆਰ ਹੋ ਚੁੱਕਾ ਹੈ। ਸਾਡਾ ਇਸ਼ਟ ਨਿਰਾਕਾਰ ਪਾਰਬ੍ਰਹਮ ਪਰਮੇਸ਼ਰ ਹੈ ਅਰਥਾਤ ਅਸੀਂ ਕੇਵਲ ਬ੍ਰਹਮ-ਗਿਆਨ ਦੇ ਉਪਾਸਕ ਹਾਂ ਅਤੇ ਕੇਵਲ ਉਸੇ ਦੀ ਹੀ ਪੂਜਾ ਕਰਦੇ ਹਾਂ। ਇਸ ਲਈ ਅਸੀਂ ਚਾਹੁੰਦੇ ਹਾਂ ਕਿ ਹਰਿਮੰਦਰ ਸਾਹਿਬ ਦੇ ਕੇਂਦਰ ਵਿਚ ਕੇਵਲ ਅਤੇ ਕੇਵਲ ਉਸ ਸਚਿਦਾਨੰਦ, ਪਰਮਪਿਤਾ ਪਰਮੇਸ਼ਰ ਦੀ ਹੀ ਸਿਫਤ ਹੋਵੇ। ਇਸ ਲਈ ਉਨ੍ਹਾਂ ਨੂੰ ਮਹਾਂਪੁਰਸ਼ਾਂ ਅਤੇ ਪਹਿਲਾਂ ਹੋਏ ਗੁਰੂਆਂ ਦੀ

ਬਾਣੀ ਇਕੱਠੀ ਕਰਕੇ ਇੱਕ ਵਿਸ਼ੇਸ਼ ਗ੍ਰੰਥ ਦੀ ਸੰਪਾਦਨਾ ਕਰਨੀ ਚਾਹੀਦੀ ਹੈ, ਜਿਹੜੇ ਪ੍ਰਭੂ ਨਾਲ (ਇੱਕ-ਮਿੱਕ) ਅਭੇਦ ਹੋ ਚੁੱਕੇ ਹਨ, ਅਥਵਾ ਜੋ ਪ੍ਰਭੂ ਨਾਲ ਮਿਲਾਪ ਕਰ ਚੁੱਕੇ ਹਨ, ਸਾਨੂੰ ਪੂਰਾ ਵਿਸ਼ਵਾਸ ਹੈ ਕਿ ਅਜਿਹੇ ਨਿਰਪੱਖ ਗ੍ਰੰਥ ਦੀ ਹੋਂਦ ਨਾਲ ਸਮੂਹ ਭਗਤਾਂ ਨੂੰ ਜਿੱਥੇ ਸੱਚਾ-ਸੁੱਚਾ ਜੀਵਨ ਜਿਉਣ ਦੀ ਪ੍ਰੇਰਨਾ ਮਿਲੇਗੀ, ਉਥੇ ਇਨ੍ਹਾਂ ਬਾਣੀਆਂ ਦੇ ਅਧਿਐਨ ਅਤੇ ਸਰਵਨ ਕਰਨ ਨਾਲ ਸਮੂਹ ਮਾਨਵ ਸਮਾਜ ਦੇ ਜਗਿਆਸੂਆਂ ਦਾ ਕਲਿਆਣ ਹੋਵੇਗਾ।"

ਇਹ ਸੁਝਾਅ ਭਾਈ ਗੁਰਦਾਸ ਜੀ ਭਾਈ ਬੰਨੋ ਜੀ, ਬਾਬਾ ਬੁੱਢਾ ਜੀ ਅਤੇ ਸਮੂਹ ਸਿੱਖਾਂ ਨੂੰ ਬਹੁਤ ਪਸੰਦ ਆਇਆ। ਇਹ ਵਿਚਾਰ ਅਸਲ ਵਿਚ ਬਹੁਤ ਅਲੌਕਿਕ ਸਨ। ਉਨ੍ਹਾਂ ਨੇ ਝੱਟ-ਪੱਟ ਗੁਰੂਦੇਵ ਜੀ ਦੇ ਸੁਝਾਅ ਅਨੁਸਾਰ ਇੱਕ ਵਿਸ਼ੇਸ਼ ਸਥਾਨ ਦਾ ਨਿਰਮਾਣ ਸ਼ੁਰੂ ਕਰ ਦਿੱਤਾ, ਜਿਥੇ ਇਕਾਂਤ ਵਿਚ ਬੈਠ ਕੇ ਨਵੇਂ ਗ੍ਰੰਥ ਦੀ ਸੰਪਾਦਨਾ ਕੀਤੀ ਜਾ ਸਕੇ। ਇਸ ਕੰਮ ਦੇ ਲਈ ਭਾਈ ਬੰਨੋ ਜੀ ਨੇ ਆਪਣੀਆਂ ਸੇਵਾਵਾਂ ਗੁਰੂ ਜੀ ਨੂੰ ਸਮਰਪਿਤ ਕੀਤੀਆਂ। ਪਹਿਲਾਂ ਉਨ੍ਹਾਂ ਨੇ ਪੀਣ ਵਾਲੇ ਪਾਣੀ ਅਤੇ ਇਸ਼ਨਾਨ ਆਦਿ ਦੇ ਲਈ ਜਲ ਦੇ ਪ੍ਰਬੰਧ ਵਾਸਤੇ ਇੱਕ ਸਰੋਵਰ ਬਣਵਾਇਆ, ਜਿਸ ਦਾ ਨਾਮ 'ਰਾਮਸਰ' ਰੱਖਿਆ। ਇਸ ਸਰੋਵਰ ਦੇ ਕਿਨਾਰੇ ਤੰਬੂ ਲਗਾਏ ਗਏ। ਗੁਰੂ ਜੀ ਖੁਦ ਵੀ ਸਮੱਗਰੀ ਦੇ ਪ੍ਰਬੰਧ ਵਿਚ ਰੁੱਝ ਗਏ। ਕਾਗਜ਼ ਸਿਆਹੀ ਆਦਿ ਦੇ ਪ੍ਰਬੰਧ ਤੋਂ ਬਾਅਦ ਉਨ੍ਹਾਂ ਨੇ ਆਪਣੇ ਤੋਂ ਪਹਿਲਾਂ ਹੋਏ ਗੁਰੂਆਂ ਦੀ ਬਾਣੀ ਜੋ ਕਿ ਉਨ੍ਹਾਂ ਨੂੰ ਅਮਾਨਤ ਦੇ ਰੂਪ ਵਿਚ ਪਿਤਾ ਗੁਰੂਦੇਵ ਸ੍ਰੀ ਗੁਰੂ ਰਾਮਦਾਸ ਜੀ ਤੋਂ ਪ੍ਰਾਪਤ ਹੋਈ ਸੀ, ਅੰਮ੍ਰਿਤਸਰ ਤੋਂ ਰਾਮਸਰ ਦੇ ਇਕਾਂਤਵਾਸ ਵਿਚ ਲੈ ਆਏ। ਜਦੋਂ ਸਾਰੀ ਤਿਆਰੀ ਮੁਕੰਮਲ ਹੋ ਗਈ ਤਾਂ ਗੁਰੂ ਜੀ ਨੇ ਗ੍ਰੰਥ ਸਾਹਿਬ ਨੂੰ ਸ਼ੁਰੂ ਕਰਨ ਲਈ ਸੰਗਤ ਇਕੱਠੀ ਕਰਕੇ, ਪ੍ਰਭੂ ਚਰਨਾਂ ਵਿਚ ਕੰਮ ਦੀ ਨਿਰਵਿਘਨ ਸੰਪੂਰਨਤਾ ਦੇ ਲਈ ਅਰਦਾਸ ਕੀਤੀ ਅਤੇ ਪ੍ਰਸ਼ਾਦ ਵੰਡਿਆ। ਉਸ ਸਮੇਂ ਸੰਗਤ ਵਿਚੋਂ ਇੱਕ ਸਿੱਖ ਨੇ ਸੁਝਾਅ ਦਿੱਤਾ ਕਿ ਗ੍ਰੰਥ ਦਾ ਸ਼ੁਭ ਆਰੰਭ ਕਿਸੇ ਮਹਾਂਪੁਰਸ਼ ਦੇ ਕਰ ਕਮਲਾਂ ਤੋਂ ਕਰਵਾਇਆ ਜਾਣਾ ਚਾਹੀਦਾ ਹੈ। ਗੁਰੂ ਜੀ ਨੇ ਇਹ ਸੁਝਾਅ ਤੁਰੰਤ ਸਵੀਕਾਰ ਕਰ ਲਿਆ। ਹੁਣ ਮਸਲਾ ਇਹ ਪੈਦਾ ਹੋਇਆ ਕਿ ਉਹ ਮਹਾਂਪੁਰਸ਼ ਕੌਣ ਹੈ? ਜਿਨ੍ਹਾਂ ਤੋਂ ਇਹ ਕੰਮ ਸ਼ੁਰੂ ਕਰਵਾਇਆ ਜਾਵੇ। ਬਹੁਤ ਸੋਚ ਵਿਚਾਰ ਤੋਂ ਬਾਅਦ ਸੰਗਤ ਵਿਚੋਂ ਇਹ ਮਤਾ ਪੇਸ਼ ਹੋਇਆ ਕਿ ਗੁਰੂਦੇਵ ਜੀ ਆਪਣੇ ਮਾਮਾ ਮੋਹਨ ਜੀ ਤੋਂ ਗ੍ਰੰਥ ਸਾਹਿਬ ਜੀ ਦਾ ਸ਼ੁਭ ਆਰੰਭ ਕਰਵਾਇਆ ਜਾਏ ਕਿਉਂਕਿ ਉਹ ਗੁਰੂ ਜੀ ਦੇ ਨਾਨਾ, ਗੁਰੂ ਅਮਰਦਾਸ ਜੀ (ਤੀਸਰੇ ਗੁਰੂ) ਦੇ ਸਪੁੱਤਰ ਹਨ ਅਤੇ ਉਹ ਇੱਕ ਮਹਾਨ ਤਪੱਸਵੀ ਵੀ ਹਨ। ਗੁਰੂ ਜੀ ਨੇ ਸਹਿਮਤੀ ਪ੍ਰਗਟ ਕੀਤੀ ਅਤੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੇ ਹੱਥ ਉਨ੍ਹਾਂ ਨੂੰ ਰਾਮਸਰ ਆਉਣ ਦਾ ਸੱਦਾ ਭੇਜਿਆ।

ਜਦੋਂ ਗੁਰੂ ਜੀ ਦਾ ਇਹ ਪ੍ਰਤੀਨਿਧੀ ਮੰਡਲ ਗੋਇੰਦਵਾਲ ਬਾਬਾ ਮੋਹਨ ਜੀ ਦੇ ਘਰ ਪਹੁੰਚਿਆ ਤਾਂ ਉਹ ਉਸ ਸਮੇਂ ਪਦਮ ਆਸਣ ਦੁਆਰਾ ਤਪੱਸਿਆ ਵਿਚ ਲੀਨ ਸਨ। ਉਨ੍ਹਾਂ ਦੀ ਸਮਾਧੀ ਭੰਗ ਕਰਨੀ ਕਿਸੇ ਨੇ ਵੀ ਠੀਕ ਨਹੀਂ ਸਮਝੀ। ਇਸ ਲਈ ਸਾਰੇ ਵਾਪਸ ਪਰਤ ਆਏ। ਇਸ ਪਿਛੋਂ ਗੁਰੂ ਜੀ ਖੁਦ ਉਨ੍ਹਾਂ ਨੂੰ ਸੱਦਾ ਦੇਣ ਲਈ ਗੋਇੰਦਵਾਲ ਪਹੁੰਚੇ। ਉਹ ਜਾਣਦੇ ਸਨ ਕਿ ਸ੍ਰੀ ਮੋਹਨ ਜੀ ਕੀਰਤਨ ਦੇ ਰਸੀਆ ਹਨ। ਉਹ ਪ੍ਰਭੂ ਦੀ ਸਿਫਤ-ਸਲਾਹ ਸੁਣ ਕੇ ਜ਼ਰੂਰ ਹੀ ਚੇਤੰਨ ਅਵਸਥਾ ਵਿਚ ਪਰਤ ਆਉਣਗੇ। ਇਸ ਲਈ ਉਨ੍ਹਾਂ ਨੇ ਆਪਣੇ ਸਾਥੀਆਂ ਸਮੇਤ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ। ਕੀਰਤਨ ਦੀਆਂ ਮਧੁਰ ਧੁਨਾਂ ਨਾਲ ਬਾਬਾ ਮੋਹਨ ਜੀ ਦੀ ਸਮਾਧੀ ਖੁੱਲ੍ਹ ਗਈ। ਉਹ ਸੰਗੀਤਮਈ ਵਾਤਾਵਰਨ ਵੇਖ ਕੇ ਬਹੁਤ ਖੁਸ਼ ਹੋਏ ਅਤੇ ਪ੍ਰਭੂ ਦੀ ਵਡਿਆਈ ਸੁਣ ਕੇ ਪ੍ਰਸੰਨ ਹੋ ਗਏ। ਉਨ੍ਹਾਂ ਨੇ ਆਪਣੇ ਭਾਣਜੇ ਸ੍ਰੀ ਗੁਰੂ ਅਰਜਨ ਦੇਵ ਨੂੰ ਅਸੀਸ ਦਿੱਤੀ ਅਤੇ ਕਿਹਾ, "ਦਸੋ, ਕੀ ਚਾਹੁੰਦੇ ਹੋ ?" ਗੁਰੂ ਜੀ ਨੇ ਆਪਣੇ ਆਉਣ ਦਾ ਕਾਰਨ ਦੱਸਦੇ ਹੋਏ ਕਿਹਾ, ਅਸੀਂ ਫੈਸਲਾ ਕੀਤਾ ਹੈ ਕਿ ਇੱਕ ਅਜਿਹੇ ਗ੍ਰੰਥ ਦੀ ਸੰਪਾਦਨਾ ਕੀਤੀ ਜਾਵੇ ਜਿਸ ਵਿਚ ਪਹਿਲੇ ਚਾਰ ਗੁਰੂਆਂ ਦੇ ਇਲਾਵਾ ਉਨ੍ਹਾਂ ਮਹਾਂਪੁਰਸ਼ਾਂ ਅਤੇ ਭਗਤਾਂ ਦੀ ਬਾਣੀ ਵੀ ਸ਼ਾਮਲ ਕੀਤੀ ਜਾਵੇ, ਜਿਹੜੇ ਕੇਵਲ ਇੱਕ ਪ੍ਰਮਾਤਮਾ ਦੀ ਅਰਾਧਨਾ ਕਰਦੇ ਸਨ ਅਤੇ ਜਿਨ੍ਹਾਂ ਦਾ ਉਸ ਪਰਮ-ਜੋਤਿ ਨਾਲ ਮਿਲਾਪ ਹੋਇਆ ਹੈ। ਇਸ ਨਾਲ ਸਮੂਹ ਮਾਨਵ ਸਮਾਜ ਦਾ ਕਲਿਆਣ ਹੋ ਸਕੇਗਾ। ਇਸ ਲਈ ਅਸੀਂ ਚਾਹੁੰਦੇ ਹਾਂ ਕਿ ਇਸ ਗ੍ਰੰਥ ਦਾ ਸ਼ੁਭ ਆਰੰਭ ਤੁਸੀਂ ਕਰੋ।" ਜਵਾਬ ਵਿਚ ਬਾਬਾ ਮੋਹਨ ਜੀ ਨੇ ਕਿਹਾ, "ਤੁਹਾਡਾ ਉਦੇਸ਼ ਤਾਂ ਬਹੁਤ ਹੀ ਉੱਤਮ ਹੈ ਪਰ ਜਦੋਂ ਸਾਡੇ ਤੋਂ ਵੀ ਵੱਡੀ ਉਮਰ ਦੇ ਬਜ਼ੁਰਗ ਇਥੇ ਮੌਜੂਦ ਹਨ ਤਾਂ ਇਹ ਕੰਮ ਮੈਨੂੰ ਸ਼ੋਭਾ ਨਹੀਂ ਦਿੰਦਾ। ਇਸ ਲਈ ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਪੁੱਤਰ ਸ੍ਰੀ ਚੰਦ ਜੀ ਦੇ ਪਾਸ ਜਾਓ। ਇਸ ਗੱਲ ਨੂੰ ਗੁਰੂ ਜੀ ਨੇ ਝੱਟ ਸਮਝ ਲਿਆ ਅਤੇ ਸੁਝਾਅ ਸਵੀਕਾਰ ਕਰ ਲਿਆ ਪਰ ਬੇਨਤੀ ਕੀਤੀ ਕਿ ਆਪ ਵੀ ਆਪਣੀ ਬਾਣੀ ਇਸ ਗ੍ਰੰਥ ਲਈ ਦੇਣ। ਬਾਬਾ ਮੋਹਨ ਜੀ ਨੇ ਜਵਾਬ ਦਿੱਤਾ, ਜਿਵੇਂ ਕਿ ਤੁਸੀਂ ਜਾਣਦੇ ਹੋ ਕਿ ਆਪ ਜੀ ਦੇ ਨਾਨਾ ਗੁਰੂ ਅਮਰਦਾਸ ਜੀ ਦੀਆਂ ਰਚਨਾਵਾਂ ਨੂੰ ਸਾਡੇ ਭਤੀਜੇ ਸੰਤ ਰਾਮ ਜੀ ਲਿੱਪੀ ਬੱਧ ਕਰਿਆ ਕਰਦੇ ਸਨ। ਉਨ੍ਹਾਂ ਨੇ ਆਪਣੇ ਭਰਾ ਸ੍ਰੀ ਸੁੰਦਰ ਜੀ ਦੀ ਬਾਣੀ ਇੱਕਠੀ ਕੀਤੀ ਹੋਈ ਹੈ, ਜਿਹੜੀ ਉਨ੍ਹਾਂ ਨੇ ਆਪਣੇ ਦਾਦਾ ਸ੍ਰੀ ਗੁਰੂ ਅਮਰਦਾਸ ਜੀ ਦੇ ਸਰੀਰ ਤਿਆਗਣ ਸਮੇਂ ਉਚਾਰਨ ਕੀਤੀ ਸੀ। ਜੇ ਤੁਸੀਂ ਬਾਣੀ ਇਕੱਠੀ ਕਰਨੀ ਚਾਹੁੰਦੇ ਹੋ ਤਾਂ ਉਨ੍ਹਾਂ ਨੂੰ ਮਿਲੋ। ਗੁਰੂ ਜੀ ਸਤਿ ਬਚਨ ਕਹਿ ਕੇ ਸ੍ਰੀ ਸੁੰਦਰ ਜੀ ਨੂੰ ਮਿਲੇ ਅਤੇ ਉਨ੍ਹਾਂ ਤੋਂ ਰਚਨਾਵਾਂ ਪ੍ਰਾਪਤ ਕਰ ਲਈਆਂ।

ਗੁਰੂ ਅਰਜਨ ਦੇਵ ਜੀ ਬਾਬਾ ਮੋਹਨ ਜੀ ਦੇ ਸੁਝਾਅ ਨੂੰ ਧਿਆਨ ਵਿਚ ਰੱਖਦੇ ਹੋਏ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਗੋਇੰਦਵਾਲ ਤੋਂ ਬਾਬਾ ਸ੍ਰੀ ਚੰਦ ਜੀ ਦੇ ਨਿਵਾਸ ਸਥਾਨ ਪਿੰਡ ਬਾਰਠ ਲਈ ਚਾਲੇ ਪਾਏ। ਉਥੇ ਪਹੁੰਚ ਕੇ ਉਨ੍ਹਾਂ ਨੇ ਬਾਬਾ ਸ੍ਰੀ ਚੰਦ ਜੀ ਨੂੰ ਆਪਣੇ ਆਉਣ ਦਾ ਕਾਰਨ ਦੱਸਿਆ। ਸ੍ਰੀ ਚੰਦ ਜੀ ਕਾਰਨ ਸੁਣ ਕੇ ਬਹੁਤ ਖੁਸ਼ ਹੋਏ ਅਤੇ ਉਨ੍ਹਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬੇਨਤੀ ਕੀਤੀ ਕਿ ਆਪ ਕ੍ਰਿਪਾ ਪੂਰਵਕ ਆਪਣੀਆਂ ਰਚਨਾਵਾਂ ਸੁਣਾਉ। ਇਸ ਦੇ ਜਵਾਬ ਵਿਚ ਗੁਰੂ ਜੀ ਨੇ 'ਸੁਖਮਨੀ ਸਾਹਿਬ' ਸਿਰਲੇਖ ਵਾਲੀ ਰਚਨਾ ਸੁਣਾਉਣੀ ਸ਼ੁਰੂ ਕੀਤੀ। ਸ੍ਰੀ ਚੰਦ ਜੀ 'ਸੁਖਮਨੀ ਸਾਹਿਬ' ਸਰਵਨ ਕਰਦਿਆਂ ਆਤਮ-ਮੁਗਧ ਹੋ ਗਏ ਅਤੇ ਉਨ੍ਹਾਂ ਨੇ ਕਿਹਾ, "ਤੁਹਾਡੀ ਬਾਣੀ (ਗੁਰੂ ਨਾਨਕ ਜੋਤ ਦੀ ਬਾਣੀ) ਸੰਸਾਰ ਭਰ ਦੇ ਅਧਿਆਤਮਕ ਜਗਤ ਵਿਚ ਪਹਿਲੇ ਸਥਾਨ ਤੇ ਮੰਨੀ ਜਾਵੇਗੀ। ਭਗਤਾਂ ਵਿਚ ਬਹੁਤ ਹਰਮਨ ਪਿਆਰੀ ਹੋਵੇਗੀ ਅਤੇ ਸਮੂਹ ਮਾਨਵ ਸਮਾਜ ਦੇ ਲਈ ਹਿਤਕਾਰੀ ਹੋਵੇਗੀ। ਇਸ ਭਵਿੱਖਵਾਣੀ ਦੇ ਮਿਲਣ ਤੇ ਗੁਰੂ ਜੀ ਨੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਕ੍ਰਿਪਾ ਕਰਕੇ ਆਪ ਵੀ ਆਪਣੀ ਬਾਣੀ ਸਾਨੂੰ ਦਿਉ, ਜਿਹੜੀ ਅਸੀਂ ਇਸ ਨਵੇਂ ਗ੍ਰੰਥ ਵਿਚ ਸ਼ਾਮਲ ਕਰ ਲਈਏ। ਇਸ ਦੇ ਜਵਾਬ ਵਿਚ ਸ੍ਰੀ ਚੰਦ ਜੀ ਨੇ ਕਿਹਾ ਕਿ ਤੁਸੀਂ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬਿਰਾਜਮਾਨ ਹੋ । ਬਾਣੀ ਦੀ ਰਚਨਾ ਕਰਨ ਦਾ ਅਧਿਕਾਰ ਕੇਵਲ ਤੁਹਾਨੂੰ ਹੀ ਹੈ ਕਿਉਂਕਿ ਤੁਸੀਂ ਨਿਮਰਤਾ ਦੇ ਪੁੰਜ ਹੋ । ਇਸ ਲਈ ਅਸੀਂ ਤੁਹਾਡੇ ਤੋਂ ਇਸ ਕੰਮ ਲਈ ਮੁਆਫੀ ਚਾਹੁੰਦੇ ਹਾਂ। ਇਸ ਤੇ ਗੁਰੂਦੇਵ ਜੀ ਨੇ ਸ੍ਰੀ ਚੰਦ ਜੀ ਨੂੰ ਫਿਰ ਬੇਨਤੀ ਕੀਤੀ ਕਿ ਤੁਸੀਂ ਕੇਵਲ ਗ੍ਰੰਥ ਦਾ ਆਪਣੇ ਕਰ-ਕਮਲਾਂ ਨਾਲ ਸ਼ੁਭ ਆਰੰਭ ਕਰੋ। ਤਦ ਸ੍ਰੀ ਚੰਦ ਜੀ ਨੇ ਉੱਤਰ ਦਿੱਤਾ ਕਿ ਮੇਰੀ ਨਜ਼ਰ ਵਿੱਚ ਇਸ ਸਮੇਂ ਤੁਹਾਡੇ ਤੋਂ ਉੱਪਰ ਕੋਈ ਵੱਡੀ ਸ਼ਖਸੀਅਤ ਨਹੀਂ । ਕਿਉਂਕਿ ਤੁਸੀਂ ਨਿਯਮਾਂ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਉੱਤਰਾਧਿਕਾਰੀ ਹੋ। ਸੋ ਇਹ ਕੰਮ ਕਿਸੀ ਹੋਰ ਦੇ ਹੱਥੋਂ ਨਹੀਂ ਸ਼ੋਭਦਾ। ਇਸ ਲਈ ਸਾਡੀ ਇੱਛਾ ਹੈ ਕਿ ਤੁਸੀਂ ਆਪ ਇਸ ਕੰਮ ਨੂੰ ਨੇਪਰੇ ਚਾੜੋ ਅਤੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਜਪੁਜੀ ਸਾਹਿਬ ਦੇ 'ਮੂਲ ਮੰਤਰ' ਤੋਂ ਆਰੰਭ ਕਰੋ ਜੋ ਕਿ ਇਸ ਗ੍ਰੰਥ ਦਾ ਮੰਗਲਾਚਰਣ ਬਣ ਜਾਏਗਾ। ਇਸ ਤਰ੍ਹਾਂ ਗੁਰਦੇਵ ਜੀ ਨੇ ਖੁਦ ਕਲਮ ਚੁੱਕੀ ਅਤੇ ਜਪਜੀ ਸਾਹਿਬ ਦੀ ਬਾਣੀ ਦੇ ਪ੍ਰਾਰੰਭ ਤੋਂ 'ਮੂਲ ਮੰਤਰ' ਕਾਗਜ਼ਾਂ ਤੇ ਾਈ ਬੰਨੋ ਜੀ ਜ਼ਿਲ੍ਹਾ ਗੁਜਰਾਤ ਪੱਛਮੀ ਪੰਜਾਬ ਦੀ ਤਹਿਸੀਲ ਫਾਲੀਆਂ ਦੇ ਇੱਕ ਪਿੰਡ ਮਾਂਗਟ ਦੇ ਨਿਵਾਸੀ ਸਨ । ਆਪ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਨਿਕਟਵਰਤੀ ਸਿੱਖ ਸਨ। ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ 'ਆਦਿ ਗ੍ਰੰਥ ਸਾਹਿਬ' ਦੀ ਸੰਪਾਦਨਾ ਦਾ ਕੰਮ ਕਰਵਾ ਰਹੇ ਸਨ ਤਾਂ ਉਨ੍ਹਾਂ ਦਿਨਾਂ ਵਿਚ ਭਾਈ ਬੰਨੋ ਜੀ ਦੀ ਨਿਯੁਕਤੀ ਹਰ ਤਰ੍ਹਾਂ ਦੀ ਦੇਖ ਰੇਖ ਕਰਨ ਅਤੇ ਜ਼ਰੂਰੀ ਸਮੱਗਰੀ

ਇਕੱਠੀ ਕਰਵਾਉਣ ਦੀ ਸੀ। ਜਦੋਂ ਗੁਰੂ ਜੀ ਨੇ ਮਹਿਸੂਸ ਕੀਤਾ ਕਿ ਨਵਾਂ ਗ੍ਰੰਥ ਲਗਭਗ ਤਿਆਰ ਹੋਣ ਦੇ ਨੇੜੇ ਹੈ ਤਾਂ ਉਨ੍ਹਾਂ ਦੇ ਸਾਹਮਣੇ ਇਹ ਪ੍ਰਸ਼ਨ ਸੀ ਕਿ ਨਵੇਂ ਗ੍ਰੰਥ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ਮਾਨ ਕਰਨ ਦੇ ਬਾਅਦ ਇਸ ਗ੍ਰੰਥ ਦਾ 'ਉਤਾਰਾ' ਤਿਆਰ ਕਰਨਾ ਅਸੰਭਵ ਹੋ ਜਾਵੇਗਾ। ਇਸ ਲਈ ਠੀਕ ਸਮੇਂ ਤੇ ਇਸ ਕੰਮ ਨੂੰ ਵੀ ਨਾਲ ਨਾਲ ਹੀ ਕਰ ਲੈਣਾ ਚਾਹੀਦਾ ਹੈ। ਗੁਰੂ ਜੀ ਨੇ ਆਪਣੇ ਦਿਲ ਦੀ ਇਹ ਗੱਲ ਭਾਈ ਬੰਨੋ ਜੀ ਨੂੰ ਦੱਸੀ ਤਾਂ ਉਨ੍ਹਾਂ ਨੇ ਤੁਰੰਤ ਉਨ੍ਹਾਂ ਲਿਖਣ ਵਾਲਿਆਂ ਨੂੰ ਇਕੱਠੇ ਕੀਤਾ ਜਿਹੜੇ ਗੁਰਬਾਣੀ ਦੇ ਗੁਟਕੇ ਅਤੇ ਪੋਥੀਆਂ ਲਿਖ ਕੇ ਸੰਗਤਾਂ ਵਿਚ ਵੰਡਿਆ ਕਰਦੇ ਸਨ। ਇਨ੍ਹਾਂ ਲੋਕਾਂ ਨੇ ਇਸ ਕੰਮ ਨੂੰ ਆਪਣੀ ਰੋਜ਼ੀ ਰੋਟੀ ਦਾ ਸਾਧਨ ਬਣਾਇਆ ਹੋਇਆ ਸੀ। ਪੁਰਾਤਨ ਗ੍ਰੰਥਾਂ ਵਿਚ ਇਨ੍ਹਾਂ ਦੀ ਗਿਣਤੀ ਬਾਰਾਂ ਦੱਸੀ ਗਈ ਹੈ। ਗੁਰੂ ਜੀ ਨੇ, ਗ੍ਰੰਥ ਸਾਹਿਬ ਦੇ ਜਿਹੜੇ ਹਿੱਸੇ ਸੰਪੂਰਨ ਕਰ ਲਏ ਸਨ, ਉਹ ਉਨ੍ਹਾਂ ਲੋਕਾਂ ਵਿਚ ਵੰਡ ਦਿੱਤੇ ਜਾਂਦੇ ਅਤੇ ਗ੍ਰੰਥ ਸਾਹਿਬ ਦਾ 'ਉਤਾਰਾ' ਤਿਆਰ ਕਰਨ ਦੀ ਆਗਿਆ ਦਿੱਤੀ ਜਾਂਦੀ। ਇਨ੍ਹਾਂ ਸਾਰੇ ਲੋਕਾਂ ਨੇ ਇਹ ਕੰਮ ਲਗਭਗ ਡੇਢ ਮਹੀਨੇ ਵਿਚ ਪੂਰਾ ਕਰ ਲਿਆ। ਜਿਉਂ ਹੀ ਮੁੱਖ ਗ੍ਰੰਥ 'ਆਦਿ ਬੀੜ' ਦਾ ਕੰਮ ਸੰਪੂਰਨ ਹੋਇਆ, ਗੁਰੂ ਜੀ ਨੇ ਭਾਈ ਬੰਨੋ ਜੀ ਨੂੰ ਆਦੇਸ਼ ਦਿੱਤਾ ਕਿ ਇਨ੍ਹਾਂ ਦੋਹਾਂ ਗ੍ਰੰਥਾਂ ਨੂੰ ਲਾਹੌਰ ਲੈ ਜਾਣ ਅਤੇ ਉਥੋਂ ਇਨ੍ਹਾਂ ਦੀ ਜਿਲਦ ਬਣਵਾ ਕੇ ਲਿਆਉਣਾ। ਭਾਈ ਬੰਨੋ ਜੀ ਨੇ ਅਜਿਹਾ ਹੀ ਕੀਤਾ। ਜਦੋਂ ਜਿਲਦ ਦਾ ਕੰਮ ਕਰਵਾ ਕੇ ਵਾਪਸ ਆਏ ਤਾਂ ਮੁੱਖ ਬੀੜ ਨੂੰ ਗੁਰੂ ਜੀ ਨੇ 'ਹਰਿਮੰਦਰ ਸਾਹਿਬ' ਵਿਚ ਪ੍ਰਕਾਸ਼ਮਾਨ ਕਰਵਾ ਕੇ ਬਾਬਾ ਬੁੱਢਾ ਜੀ ਨੂੰ ਗੁਰੂ-ਘਰ ਦਾ ਪਹਿਲਾ ਗ੍ਰੰਥੀ ਨਿਯੁਕਤ ਕੀਤਾ। ਦੂਜੀ ਬੀੜ ਜਿਹੜੀ ਬਾਰਾਂ ਲਿਖਾਰੀਆਂ ਦੁਆਰਾ 'ਉਤਾਰਾ' ਲਿਖ ਕੇ ਤਿਆਰ ਕੀਤੀ ਗਈ ਸੀ, ਨੂੰ ਜਾਂਚਿਆ ਗਿਆ ਤੇ ਵੇਖਿਆ ਕਿ ਲਿਖਾਰੀਆਂ ਨੇ ਕੁਝ ਕਾਵਿ-ਟੋਟੇ ਆਪਣੇ ਵਲੋਂ ਹੀ ਇਸ ਵਿਚ ਸ਼ਾਮਲ ਕਰ ਦਿੱਤੇ ਸਨ, ਜਿਹੜੇ ਮੂਲ ਗ੍ਰੰਥ ਵਿਚ ਗੁਰੂ ਜੀ ਨੇ ਲਿਖਵਾਏ ਹੀ ਨਹੀਂ ਸਨ। ਇਸ ਗੱਲ ਤੋਂ ਗੁਰੂ ਜੀ ਬਹੁਤ ਨਾਰਾਜ਼ ਹੋਏ ਅਤੇ ਉਨ੍ਹਾਂ ਨੇ ਸੰਗਤ ਨੂੰ ਚੇਤੰਨ (ਸਾਵਧਾਨ) ਕੀਤਾ ਕਿ ਇਸ ਤਰ੍ਹਾਂ ਜੇ ਮੂਲ ਬਾਣੀ ਨਾਲ ਖਿਲਵਾੜ ਕੀਤਾ ਗਿਆ ਤਾਂ ਉਹ ਸਮਾਂ ਜਲਦੀ ਹੀ ਆ ਜਾਵੇਗਾ, ਜਦੋਂ ਬਾਣੀ ਦੀ ਪ੍ਰਮਾਣਿਕਤਾ (ਸਚਾਈ) ਖਤਮ ਹੀ ਹੋ ਜਾਵੇਗੀ। ਇਸ ਲਈ ਅਸੀਂ ਇਸ ਭਾਈ ਬੰਨੋ ਵਾਲੀ ਬੀੜ ਨੂੰ ਮਾਨਤਾ ਹੀ ਨਹੀਂ ਦਿੰਦੇ ਤਾਂ ਕਿ ਅਗੋਂ ਤੋਂ ਕੋਈ ਵਿਅਕਤੀ ਅਜਿਹੀ ਆਪ-ਹੁਦਰੀ ਹਰਕਤ ਨਾ ਕਰ ਸਕੇ। ਗੁਰੂ ਜੀ ਨੇ ਬਾਣੀ ਵਿਚ ਮਿਲਾਵਟ ਨੂੰ ਸ਼ੁੱਧ ਦੁੱਧ ਵਿਚ ਖੱਟਾ ਮਿਲਾਉਣ ਵਾਲੀ ਕਰਤੂਤ ਦੱਸਿਆ। ਇਸ ਤਰ੍ਹਾਂ 'ਭਾਈ ਬੰਨੋ ਵਾਲੀ ਬੀੜ' ਦਾ ਨਾਮ 'ਖਾਰੀ ਬੀੜ' ਪੈ ਗਿਆ।

# ਸ੍ਰੀ ਹਰਿਮੰਦਰ ਸਾਹਿਬ ਵਿਚ 'ਆਦਿ ਬੀੜ' (ਗੁਰੂ ਗ੍ਰੰਥ ਸਾਹਿਬ) ਦਾ ਪ੍ਰਕਾਸ਼

ਜਦੋਂ 'ਆਦਿ ਗ੍ਰੰਥ' ਦੀ ਸੰਪਾਦਨਾ ਅਤੇ ਲਿਖਾਈ ਦਾ ਕੰਮ ਪੂਰਾ ਹੋ ਗਿਆ ਤਾਂ ਮਸੰਦਾਂ ਰਾਹੀਂ ਗੁਰੂ ਜੀ ਨੇ ਆਲੇ ਦੁਆਲੇ ਦੇ ਇਲਾਕਿਆਂ ਵਿਚ ਸੁਨੇਹੇ ਭਿਜਵਾਏ ਕਿ ਅਸੀਂ ਗੁਰਬਾਣੀ ਦੇ ਨਵੇਂ ਗ੍ਰੰਥ ਦਾ ਭਾਦੋਂ ਦੀ ਪਹਿਲੀ ਸੁੱਧੀ ਸੰਮਤ ੧੬੬੧ ਅਨੁਸਾਰ ੩੦ ਅਗਸਤ ੧੬੦੪ ਈਸਵੀ ਨੂੰ ਮਰਿਆਦਾ ਮੁਤਾਬਕ ਪ੍ਰਕਾਸ਼ ਕਰਨਾ ਹੈ। ਇਸ ਲਈ ਸਮੂਹ ਸੰਗਤ ਹਾਜ਼ਰ ਹੋਵੇ। ਉਸੇ ਸਮੇਂ ਗੁਰੂ ਜੀ ਨੇ ਭਾਈ ਬੰਨੋ ਜੀ ਨੂੰ ਲਾਹੌਰ ਭੇਜਿਆ ਕਿ ਉਹ ਮੂਲ ਗ੍ਰੰਥ ਅਤੇ ਮੂਲ ਗ੍ਰੰਥ ਦੇ ਉਤਾਰਾ ਕਰਵਾਏ ਗ੍ਰੰਥ ਦੀ ਜਿਲਦ ਬਣਵਾ ਕੇ ਲਿਆਉਣ। ਭਾਈ ਬੰਨੋ ਜੀ ਗੁਰੂ ਜੀ ਦੇ ਆਦੇਸ਼ ਅਨੁਸਾਰ ਇਹ ਕੰਮ ਕਰਵਾ ਕੇ ਠੀਕ ਸਮੇਂ ਤੇ ਰਾਮਸਰ ਵਾਪਸ ਆ ਗਏ। ਗੁਰੂਦੇਵ ਜੀ ਨੇ ਬਾਬਾ ਬੁੱਢਾ ਜੀ ਦੇ ਸੀਸ ਤੇ ਮੂਲ ਗ੍ਰੰਥ ਨੂੰ ਚੁਕਵਾ ਕੇ ਨੰਗੇ ਪੈਰ ਪੈਦਲ ਅੰਮ੍ਰਿਤਸਰ ਵੱਲ ਚੱਲਣ ਦਾ ਆਦੇਸ਼ ਦਿੱਤਾ। ਗੁਰੂ ਜੀ ਖੁਦ ਪਿੱਛੇ-ਪਿੱਛੇ 'ਗ੍ਰੰਥ ਸਾਹਿਬ' ਦੇ ਉਪਰ 'ਚੌਰ' ਕਰਦੇ ਹੋਏ ਚੱਲਣ ਲੱਗੇ। ਸਮੂਹ ਸੰਗਤ ਹੱਥ ਵਿਚ ਸਾਜ ਲੈ ਕੇ ਅਤੇ ਨਾਲ ਨਾਲ ਸ਼ਬਦ ਗਾਇਣ ਕਰਨ ਲੱਗੇ। ਵਿਚਿ ਕਰਤਾ ਪੁਰਖੁ ਖਲੋਆ । ਵਾਲੁ ਨ ਵਿੰਗਾ ਹੋਆ ॥ ਕਰਦੇ ਹੋਏ ਗੁਰੂਦੇਵ ਜੀ ਦੇ ਪਿਛੇ ਪਿਛੇ ਚੱਲਣ ਲੱਗੇ। ਇਸ ਤਰ੍ਹਾਂ 'ਆਦਿ ਬੀੜ' ਮੂਲ (ਅਸਲ) ਗ੍ਰੰਥ ਸਾਹਿਬ ਨੂੰ ਰਾਮਸਰ ਤੋਂ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਦੇ ਕੇਂਦਰ ਵਿਚ ਰੱਖ ਕੇ ਪ੍ਰਕਾਸ਼ਮਾਨ ਕੀਤਾ। ਗੁਰੂ ਜੀ ਖੁਦ ਇੱਕ ਸੇਵਕ ਦੇ ਰੂਪ ਵਿਚ ਗ੍ਰੰਥ ਸਾਹਿਬ ਦੇ ਸਨਮੁੱਖ ਖੜੇ ਹੋ ਕੇ ਅਰਦਾਸ ਕੀਤੀ। ਇਸ ਤੋਂ ਬਾਅਦ ਬਾਬਾ ਬੁੱਢਾ ਜੀ ਨੂੰ ਕਿਹਾ ਕਿ 'ਆਦਿ ਗ੍ਰੰਥ' ਦੇ ਲਗਭਗ ਅੱਧ ਵਿਚੋਂ ਕੋਈ ਵੀ ਸ਼ਬਦ ਪੜ੍ਹਨ ਭਾਵ ਵਾਕ ਲੈਣ। ਬਾਬਾ ਬੁੱਢਾ ਜੀ ਨੇ ਗੁਰੂ ਆਦੇਸ਼ ਦੇ ਅਨੁਸਾਰ 'ਆਦਿ ਗ੍ਰੰਥ ਸਾਹਿਬ' ਤੋਂ ਹੁਕਮਨਾਮਾ ਲਿਆ :-

ਸੰਤਾ ਕੇ ਕਾਰਜਿ ਆਪਿ ਖਲੋਇਆ

ਹਰਿ ਕੰਮੁ ਕਰਾਵਣਿ ਆਇਆ ਰਾਮ॥

ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥

ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥

ਜੈ ਜੈਕਾਰ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥

ਪੂਰਨ ਪੁਰਖੁ ਅਚੁਤ ਅਬਿਨਾਸੀ ਜਸੁ ਬੇਦ ਪੁਰਾਣੀ ਗਾਇਆ ॥

ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥

(ਸੂਹੀ ਮਹਲਾ-੫, ਪੰਨਾ-੭੮੩)

ਜਦੋਂ ਇਹ ਸਾਰਾ ਜ਼ਰੂਰੀ ਕਾਰਜ ਸੰਪੂਰਨ ਹੋ ਗਿਆ ਤਾਂ ਗੁਰੂ ਜੀ ਨੇ ਸਮੂਹ ਸੰਗਤ ਨੂੰ ਆਦੇਸ਼ ਦਿੱਤਾ ਕਿ ਉਹ ਸਾਰੇ 'ਆਦਿ ਗ੍ਰੰਥ' ਦੇ ਸਾਹਮਣੇ ਮੱਥਾ ਟੇਕਣ ਅਤੇ ਐਲਾਨ ਕੀਤਾ ਕਿ ਇਹ ਗ੍ਰੰਥ ਸਮੂਹ ਮਾਨਵ ਸਮਾਜ ਦੇ ਲਈ ਸਾਂਝੇ ਰੂਪ ਵਿਚ ਕਲਿਆਣਕਾਰੀ ਹੈ। ਇਸ ਗ੍ਰੰਥ ਵਿਚ ਕਿਸੇ ਵੀ ਪ੍ਰਕਾਰ ਦਾ ਭੇਦਭਾਵ ਨਹੀਂ ਕੀਤਾ ਗਿਆ। ਜਿਹੜਾ ਮਨੁੱਖ ਸੱਚੇ ਦਿਲੋਂ ਇਸ ਗ੍ਰੰਥ ਨੂੰ ਪੜ੍ਹੇਗਾ, ਸੁਣੇਗਾ ਅਤੇ ਵਿਚਾਰੇਗਾ, ਉਹ ਸਹਿਜੇ ਹੀ ਇਸ ਸੰਸਾਰ ਰੂਪੀ ਭਵ-ਸਾਗਰ ਤੋਂ ਪਾਰ ਹੋ ਜਾਵੇਗਾ। ਇਸ ਲਈ ਅੱਜ ਤੋਂ ਸਮੂਹ ਸੰਗਤ ਨੇ 'ਗੁਰੂ-ਸ਼ਬਦ' ਦੇ ਭੰਡਾਰ 'ਆਦਿ ਗ੍ਰੰਥ ਸਾਹਿਬ' ਦਾ ਸਭ ਤੋਂ ਵੱਧ ਸਨਮਾਨ ਕਰਨਾ ਹੈ। ਸਾਡੇ ਤੋਂ ਵੀ ਵੱਧ, ਕਿਉਂਕਿ ਇਹ ਸਰੀਰ ਤਾਂ ਨਾਸ਼ਵਾਨ ਹੈ ਅਤੇ ਸਮੇਂ ਦੀਆਂ ਹੱਦਾਂ ਵਿਚ ਬੱਝਿਆ ਹੋਇਆ ਹੈ ਪਰ ਸ਼ਬਦ-ਗੁਰੂ ਦੇਸ਼ ਕਾਲ ਅਤੇ ਸਰੀਰਕ ਜ਼ਰੂਰਤਾਂ ਤੋਂ ਉਪਰ ਹੈ। ਅਸਲ ਵਿਚ ਮੇਰੇ ਵਿਚ ਅਤੇ ਗ੍ਰੰਥ ਦੇ ਗਿਆਨ ਵਿਚ ਸਮਾਨਤਾ ਹੈ ਕਿਉਂਕਿ ਸਿਧਾਂਤ ਹੈ 'ਨਾਮ' ਅਤੇ 'ਨਾਮੀ' ਵਿਅਕਤੀ ਵਿਚ ਕੋਈ ਫਰਕ ਨਹੀਂ ਹੁੰਦਾ, ਠੀਕ ਉਸੇ ਤਰ੍ਹਾਂ 'ਸ਼ਬਦ ਰੂਪੀ ਗੁਰੂ', 'ਦਿਵਯ ਜੋਤੀ' ਦੇ ਸਮਾਨ ਆਦਰ ਦੇ ਪਾਤਰ ਹਨ। ਇਸ ਲਈ ਸਮੂਹ ਸੰਗਤ ਭਵਿੱਖ ਵਿਚ 'ਗੁਰੂ ਸ਼ਬਦ ਦੀ ਓਟ' (ਸਹਾਰਾ) ਲਵੇ, ਭਾਵੇਂ ਘਰ ਵਿਚ ਗਮੀ ਹੋਵੇ ਤੇ ਭਾਵੇਂ ਖੁਸ਼ੀ ਹੋਵੇ। ਗੁਰੂ ਜੀ ਨੇ ਅੰਤ ਵਿਚ ਇੱਕ ਖਾਸ ਐਲਾਨ ਕੀਤਾ ਕਿ ਅਜੇ 'ਆਦਿ ਬੀੜ ਗ੍ਰੰਥ ਸਾਹਿਬ' ਦੀ ਸੇਵਾ ਦੀ ਜ਼ਿੰਮੇਵਾਰੀ ਬਾਬਾ ਬੁੱਢਾ ਜੀ ਦੀ ਹੋਵੇਗੀ, ਜਦੋਂ ਤੱਕ ਕੁਝ ਨਵੇਂ ਸੇਵਕਾਂ ਨੂੰ ਸਿਖਿਅਤ ਨਹੀਂ ਕੀਤਾ ਜਾਂਦਾ।

ਸਾਰਾ ਦਿਨ ਦਰਸ਼ਨਾਂ ਲਈ ਸੰਗਤਾਂ ਦਾ ਤਾਂਤਾ ਲਗਿਆ ਰਿਹਾ। ਰਾਤ ਨੂੰ ਬਾਬਾ ਬੁੱਢਾ ਜੀ ਨੇ ਗੁਰੂਦੇਵ ਜੀ ਤੋਂ ਆਗਿਆ ਮੰਗੀ ਕਿ ਹੁਣ ਇਸ ਸਮੇਂ 'ਆਦਿ ਗ੍ਰੰਥ' ਨੂੰ ਕਿਸ ਸਥਾਨ ਤੇ

ਲਿਜਾਇਆ ਜਾਵੇ। ਗੁਰੂ ਸਾਹਿਬ ਨੇ ਕਿਹਾ ਕਿ 'ਗ੍ਰੰਥ' ਦਾ ਸੁਖਆਸਨ ਸਥਾਨ ਸਾਡਾ ਨਿਜੀ ਵਿਸ਼ਰਾਮ ਸਥਾਨ ਹੀ ਹੋਵੇਗਾ। ਅਜਿਹਾ ਹੀ ਕੀਤਾ ਗਿਆ। ਗੁਰੂ ਜੀ ਨੇ ਉਸ ਦਿਨ ਤੋਂ 'ਆਦਿ ਗ੍ਰੰਥ' ਦੇ ਨੇੜੇ ਫਰਸ਼ ਤੇ ਆਪਣਾ ਬਿਸਤਰਾ ਲਗਾ ਲਿਆ ਅਤੇ ਆਗਾਮੀ ਜੀਵਨ ਵਿਚ ਉਹ ਇਸੇ ਤਰਾਂ ਹੀ ਕਰਦੇ ਰਹੇ।

## ਆਦਿ ਗ੍ਰੰਥ ਸਾਹਿਬ ਦੀ ਵਿਸ਼ੇਸ਼ਤਾ

ਸ੍ਰੀ ਹਰਿਮੰਦਰ ਸਾਹਿਬ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਗੁਰਬਾਣੀ ਦੇ ਭੰਡਾਰ 'ਆਦਿ ਗ੍ਰੰਥ ਸਾਹਿਬ' ਦੀ ਵਿਧੀਪੂਰਵਕ ਸਥਾਪਨਾ ਕਰ ਦਿੱਤੀ ਗਈ। ਇਹ ਸਮਾਚਾਰ ਪ੍ਰਾਪਤ ਹੁੰਦਿਆਂ ਹੀ ਸ਼ਰਧਾਲੂਆਂ ਦਾ ਵਿਸ਼ਾਲ ਸਮੂਹ ਦਰਸ਼ਨਾਂ ਲਈ ਪਹੁੰਚ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦਰਬਾਰ ਸਜਾਉਂਦੇ ਅਤੇ ਕੀਰਤਨ ਤੋਂ ਬਾਅਦ ਪ੍ਰਵਚਨ ਕਰਦੇ। ਗੁਰੂ ਜੀ ਸ਼ਰਧਾਲੂਆਂ ਦੀ ਜਗਿਆਸਾ ਨੂੰ ਸ਼ਾਂਤ ਕਰਨ ਲਈ 'ਆਦਿ ਗ੍ਰੰਥ' ਦੀਆਂ ਵਿਸ਼ੇਸ਼ਤਾਈਆਂ ਦੱਸਦੇ ਅਤੇ ਸੰਗਤ ਨੂੰ ਸੰਬੋਧਿਤ ਹੋ ਕੇ ਕਿਹਾ, "ਅਸੀਂ ਕਾਫੀ ਸਮੇਂ ਤੋਂ ਮਹਿਸੂਸ ਕਰ ਰਹੇ ਸੀ ਕਿ ਭਵਿੱਖ ਵਿਚ ਸੰਗਤ ਵਿਚ ਧਾਰਮਿਕ ਸਿਧਾਂਤਾਂ ਨੂੰ ਲੈ ਕੇ ਕਦੇ ਵੀ (ਕਿਸੇ ਸਮੇਂ) ਮਤਭੇਦ ਹੋ ਸਕਦਾ ਹੈ। ਇਸ ਲਈ ਅਸੀਂ ਇਸ ਗੱਲ ਨੂੰ ਮੱਦੇ-ਨਜ਼ਰ ਰੱਖਦੇ ਹੋਏ, ਇਹ ਬਹੁਤ ਜ਼ਰੂਰੀ ਸਮਝਿਆ ਕਿ ਸਮੂਹ ਮਾਨਵਤਾ ਨੂੰ ਇਕ ਸੂਤਰ ਵਿਚ ਰੱਖਣ ਲਈ ਉਸਾਰੂ ਯਤਨ ਕੀਤਾ ਜਾਵੇ। ਇਸ ਯਤਨ ਨੂੰ ਨੇਪਰੇ ਚਾੜ੍ਹਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਕੀਤੇ ਗਏ ਮਾਰਗ-ਦਰਸ਼ਨ ਦੇ ਅਧਾਰ ਤੇ ਇੱਕ ਵਿਸ਼ੇਸ਼ ਨਿਯਮਾਵਲੀ ਨਿਸ਼ਚਿਤ ਕਰ ਦਿੱਤੀ ਜਾਵੇ ਤਾਂਕਿ ਭਵਿਖ ਵਿਚ ਕਿਸੀ ਪ੍ਰਕਾਰ ਦਾ ਭਰਮ ਭੁਲੇਖਾ ਪੈਦਾ ਹੀ ਨਾ ਹੋ ਸਕੇ, ਜਿਵੇਂ ਤੁਸੀਂ ਸਾਰੇ ਜਾਣਦੇ ਹੀ ਹੋ ਕਿ ਕੁਝ ਡੰਮੀ ਗੁਰੂ ਪਹਿਲੇ ਚਾਰ ਗੁਰੂਆਂ ਦੀ ਬਾਣੀ ਦਾ ਦੁਰ ਉਪਯੋਗ ਕਰਕੇ ਨਿੱਜੀ ਲਾਭ ਲੈ ਰਹੇ ਹਨ। ਬਾਣੀ ਦੇ ਅਰਥਾਂ ਦੇ ਅਨਰਥ (ਗਲਤ ਅਰਥ) ਕਰਕੇ ਆਪਣਾ ਸੁਆਰਥ ਸਿੱਧ ਕਰ ਰਹੇ ਹਨ। ਇਸ ਲਈ ਸਮੇਂ ਤੋਂ ਪਹਿਲਾਂ ਹੀ ਅਸੀਂ ਪਹਿਲਾਂ ਹੋਏ ਗੁਰੂਆਂ ਅਤੇ ਸਾਰੇ ਪੂਰਨ ਮਹਾਂਪੁਰਸ਼ਾਂ ਦੀ ਬਾਣੀ, ਜਿਸ ਦਾ ਉਦੇਸ਼ ਇੱਕ ਨਿਰਗੁਣ ਨਿਰਾਕਾਰ ਬ੍ਰਹਮਾ ਦੀ ਉਪਾਸਨਾ ਹੀ ਹੈ, ਇਕੱਠੀ ਕਰਕੇ ਇੱਕ ਵਿਸ਼ਾਲ ਗ੍ਰੰਥ ਤਿਆਰ ਕਰ ਦਿੱਤਾ ਹੈ। ਇਸ ਗ੍ਰੰਥ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਗ੍ਰੰਥ ਦੀ ਬਾਣੀ ਮਾਨਵ-ਮਾਨਵ ਵਿਚ ਪਿਆਰ ਪੈਦਾ ਕਰੇਗੀ ਕਿਉਂਕਿ ਇਸ ਬਾਣੀ ਦਾ ਮੂਲ ਉਦੇਸ਼ ਮਾਨਵਤਾ ਦੇ ਸੰਬੰਧਾਂ ਨੂੰ ਪ੍ਰਮੁਖਤਾ ਦੇਣਾ ਹੈ। ਸਮੂਹ ਵਿਸ਼ਵ ਨੂੰ ਇੱਕ ਲੜੀ ਵਿਚ ਪਰੋ ਕੇ ਰੱਖਣਾ ਹੈ। ਸਾਡਾ ਦ੍ਰਿੜ ਵਿਸ਼ਵਾਸ ਹੈ ਕਿ:-

**ਸਰਬ ਧਰਮ ਮਹਿ ਸ੍ਰੇਸਟ ਧਰਮ ॥**

**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥**

ਗੁਰੂ ਜੀ ਨੇ ਕਿਹਾ, "ਜਿਵੇਂ ਕਿ ਸਪਸ਼ਟ ਹੈ ਕਿ ਇਹ ਬਾਣੀ ਸਭ ਤਰ੍ਹਾਂ ਦੇ ਧਾਰਮਿਕ ਬੰਧਨਾਂ ਤੋਂ ਉਪਰ ਕੇਵਲ ਅਤੇ ਕੇਵਲ ਬ੍ਰਹਮ ਗਿਆਨ ਹੈ। ਇਸ ਲਈ ਸਮੂਹ ਸੰਗਤ ਦਾ ਗ੍ਰੰਥ ਸਾਹਿਬ ਨਾਲ ਗੁਰੂ-ਚੇਲੇ ਦਾ ਨਾਤਾ ਬਣਦਾ ਹੈ। ਇਸ ਬਾਣੀ ਵਿਚ ਕੋਈ ਗੀਤ ਜਾਂ ਕਹਾਣੀ ਨਹੀਂ ਹੈ। ਇਹ ਤਾਂ ਕੇਵਲ ਬ੍ਰਹਮ ਵਿਚਾਰ ਹਨ। ਇਹ ਸੰਪੂਰਨ ਬਾਣੀ ਲੋਕ-ਭਾਸ਼ਾ ਵਿਚ ਇਕੱਤਰ ਕੀਤੀ ਗਈ ਹੈ। ਇਸ ਤੋਂ ਹਰੇਕ ਸ਼੍ਰੇਣੀ ਅਥਵਾ ਵਰਗ ਦੇ ਜਗਿਆਸੂ ਖੁਦ ਅਧਿਐਨ ਕਰਕੇ ਸਿੱਧਾ ਲਾਭ ਪ੍ਰਾਪਤ ਕਰ ਸਕਦੇ ਹਨ। ਤੁਸੀਂ ਇਸ ਬਾਣੀ ਵਿਚ ਹੈਰਾਨੀਜਨਕ ਆਧੁਨਿਕਤਾ ਵੇਖ ਸਕੋਗੇ ਜੋ ਕਿ ਸਮੇਂ ਦੀਆਂ ਕਸੌਟੀਆਂ ਤੇ ਖਰੀ ਉਤਰੇਗੀ ਕਿਉਂਕਿ ਇਸ ਵਿਚ ਸਭਨਾਂ ਦੇ ਮੰਨਣਯੋਗ, ਤੱਥਾਂ ਦੇ ਅਧਾਰ ਤੇ ਸਚਾਈਆਂ ਹੀ ਸਚਾਈਆਂ ਹਨ।

ਗੁਰੂ ਜੀ ਨੇ ਦੱਸਿਆ, "ਮਨੁੱਖ ਚਾਹੇ ਕਿਸੇ ਵੀ ਦੇਸ਼, ਨਸਲ ਅਤੇ ਧਰਮ ਨਾਲ ਸੰਬੰਧ ਰਖਦਾ ਹੋਵੇ ਬੇਸ਼ਕ ਆਸਤਕ ਨਾ ਹੋ ਕੇ ਨਾਸਤਕ ਹੀ ਹੋਵੇ, ਜੇ ਉਹ ਚਾਹੇ ਤਾਂ ਇਸ ਆਦਿ-ਗ੍ਰੰਥ ਤੋਂ ਮਾਰਗ-ਦਰਸ਼ਨ (ਅਗਵਾਈ) ਲੈ ਸਕਦਾ ਹੈ। ਇਸ ਗ੍ਰੰਥ ਦੀ ਬਾਣੀ ਸਹਿਨਸ਼ੀਲਤਾ ਭਰਪੂਰ ਹੈ। ਕਿਸੇ ਵੀ ਪ੍ਰਕਾਰ ਦੀ ਤੰਗ ਦਿਲੀ ਜਾਂ ਤੰਗ ਨਜ਼ਰੀਏ (ਸੰਕੀਰਨਤਾ) ਨੂੰ ਨੇੜੇ ਨਹੀਂ ਆਉਣ ਦੇਂਦੀ। ਭਾਵ ਇਸ ਦੀ ਬਾਣੀ ਵਿਚ ਕਿਸੇ ਪ੍ਰਕਾਰ ਦੇ ਭੇਦ-ਭਾਵ ਨੂੰ ਕੋਈ ਥਾਂ ਨਹੀਂ ਦਿੱਤਾ ਗਿਆ। ਜੇ ਕੋਈ ਜਗਿਆਸੂ ਭਗਤੀ ਭਾਵ ਨਾਲ ਇਸ ਬਾਣੀ ਨੂੰ ਪੜ੍ਹੇਗਾ, ਸੁਣੇਗਾ ਜਾਂ ਸੁਣਾਏਗਾ ਤਾਂ ਉਹ ਜ਼ਰੂਰ ਹੀ ਆਪਣੇ ਮਨ ਵਿਚ ਸ਼ਾਂਤੀ ਮਹਿਸੂਸ ਕਰੇਗਾ, ਜਿਸ ਨਾਲ ਉਸ ਦਾ ਕਲਿਆਣ ਹੋਵੇਗਾ।

## ਸਮੀਖਿਆ:-

ਜਿਸ ਤਰ੍ਹਾਂ ਕਿ ਤੁਸੀਂ ਜਾਣਦੇ ਹੋ ਹੋਰਨਾਂ ਸੰਪਰਦਾਵਾਂ ਦੇ ਗ੍ਰੰਥ ਸੰਬੰਧਿਤ ਮਹਾਂਪੁਰਸ਼ਾਂ ਨੇ ਖੁਦ ਤਿਆਰ ਨਹੀਂ ਕਰਵਾਏ, ਉਨ੍ਹਾਂ ਸਾਰੇ ਗ੍ਰੰਥਾਂ ਦੀ ਹੋਂਦ ਬਾਅਦ ਵਿਚ ਉਨ੍ਹਾਂ ਦੇ ਚੇਲਿਆਂ ਦੁਆਰਾ ਕੀਤੇ ਯਤਨਾ ਕਰਕੇ ਬਣਾਈ ਗਈ। ਪਰੰਤੂ ਗੁਰੂ ਜੀ ਨੇ ਠੀਕ ਸਮੇਂ ਤੇ ਖੁਦ ਗੁਰਮਤਿ ਸਿਧਾਂਤਾਂ ਦਾ ਸੰਗ੍ਰਹਿ 'ਮਾਨਵ ਸਮਾਜ ਦੀ ਉਨਤੀ ਲਈ' ਬਾਣੀ ਦੇ ਰੂਪ ਵਿਚ ਸੰਪਾਦਿਤ ਕਰਕੇ 'ਆਦਿ

ਗ੍ਰੰਥ' ਤਿਆਰ ਕਰਵਾਇਆ। ਇਸ ਦੇ ਫਲਸਰੂਪ ਭਵਿੱਖ ਵਿਚ ਗੁਰਮਤਿ ਸਿਧਾਂਤਾਂ ਵਿਚ ਕੋਈ ਮਤਭੇਦ ਪੈਦਾ ਹੋਣ ਦੀ ਸੰਭਾਵਨਾ ਹੀ ਖਤਮ ਕਰ ਦਿੱਤੀ ਸੀ। ਇਸ ਦੇ ਨਾਲ ਹੀ ਗੁਰੂਦੇਵ ਜੀ ਨੇਸੰਗਤ ਨੂੰ ਚੇਤੰਨ ਕੀਤਾ ਸੀ ਕਿ 'ਆਦਿ ਗ੍ਰੰਥ' ਦੇ ਮੂਲ ਦਾ 'ਉਤਾਰਾ' ਤਿਆਰ ਕਰਦੇ ਸਮੇਂ ਕੁਝ ਲਿਖਣ ਵਾਲਿਆਂ ਨੇ ਆਪਣੀ ਮਰਜ਼ੀ ਨਾਲ ਨਵੇਂ ਗ੍ਰੰਥ ਵਿਚ ਕੁਝ ਰਚਨਾਵਾਂ ਆਪਣੇ ਵਲੋਂ ਹੀ ਲਿਖ ਦਿੱਤੀਆਂ ਸਨ, ਜੋ ਕਿ ਪ੍ਰਮਾਣਿਕ ਨਹੀਂ ਸਨ। ਇਸ ਲਈ ਭਾਈ ਬੰਨੋ ਵਾਲਾ ਗ੍ਰੰਥ ਪ੍ਰਮਾਣਿਕ ਨਹੀਂ ਮੰਨਿਆ ਗਿਆ। ਸਮੇਂ ਦੇ ਬੀਤਣ ਨਾਲ ਬਹੁਤ ਸਾਰੇ ਅਖੌਤੀ ਵਿਦਵਾਨ ਗ੍ਰੰਥ ਵਿੱਚ ਸੋਧਾਂ ਕਰਨਾ ਆਪਣਾ ਹੱਕ ਸਮਝਦੇ ਹਨ। ਇਸ ਨਾਲ ਗ੍ਰੰਥ ਦੀ ਪ੍ਰਮਾਣਿਕਤਾ ਨੂੰ ਚੁਨੌਤੀ ਦੇ ਆਸਾਰ ਬਣ ਜਾਂਦੇ ਹਨ, ਇਸ ਲਈ ਅਸੀਂ ਸਾਰਿਆਂ ਨੇ ਬਾਣੀ ਦੀ ਸ਼ੁੱਧਤਾ ਪ੍ਰਤੀ ਸਾਵਧਾਨ ਰਹਿਣਾ ਹੈ, ਜਿਸ ਨਾਲ ਭਵਿੱਖ ਵਿਚ ਮੂਲ ਬਾਣੀ ਵਿਚ ਕੋਈ ਤਬਦੀਲੀ ਨਾ ਹੋ ਸਕੇ।

## ਮਾਤਾ ਸਾਹਿਬ ਕੌਰ (ਦੇਵਾਂ) ਦਾ ਦਿੱਲੀ ਜਾਣਾ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਪੰਜ ਪਿਆਰਿਆਂ ਦੀ ਅਗਵਾਈ ਹੇਠ ਦੁਸ਼ਟਾਂ ਨੂੰ ਸਜ਼ਾ ਦੇਣ ਲਈ ਭੇਜ ਦਿੱਤਾ। ਉਸਦੇ ਬਾਅਦ ਆਪ ਨੇ ਇੱਕ ਦਿਨ ਆਪਣੀ ਮਹਿਲ ਸਾਹਿਬ ਕੌਰ (ਦੇਵਾਂ) ਨੂੰ ਸੁਝਾਉ ਦਿੱਤਾ ਕਿ ਉਹ ਦਿੱਲੀ ਵਾਪਸ ਸੁੰਦਰ ਕੌਰ ਕੋਲ ਚਲੇ ਜਾਣ। ਇਸ ਤੇ ਉਨ੍ਹਾਂ ਨੇ ਬਹੁਤ ਇਤਰਾਜ਼ ਕੀਤਾ ਅਤੇ ਪੁਛਿਆ, "ਤੁਸੀਂ ਅਜਿਹਾ ਕਿਉਂ ਕਹਿ ਰਹੇ ਹੋ, ਜਦ ਕਿ ਤੁਸੀਂ ਜਾਣਦੇ ਹੋ ਕਿ ਮੈਂ ਤੁਹਾਡੀ ਸੇਵਾ ਅਤੇ ਦਰਸ਼ਨਾਂ ਤੋਂ ਬਿਨਾਂ ਨਹੀਂ ਰਹਿ ਸਕਦੀ।" ਜਵਾਬ ਵਿਚ ਗੁਰੂਜੀ ਨੇ ਉਨ੍ਹਾਂ ਨੂੰ ਦੱਸਿਆ, "ਮੇਰਾ ਅੰਤਿਮ ਸਮਾਂ ਨੇੜੇ ਹੈ, ਮੈਂ ਜਲਦੀ ਹੀ ਸੰਸਾਰ ਤੋਂ ਵਿਦਾ ਲੈਣ ਵਾਲਾ ਹਾਂ।" ਇਹ ਸੁਣ ਕੇ ਮਾਤਾ ਸਾਹਿਬ ਕੌਰ ਨੂੰ ਬਹੁਤ ਦੁੱਖ ਹੋਇਆ ਪਰ ਉਨ੍ਹਾਂ ਨੇ ਪ੍ਰਸ਼ਨ ਕੀਤਾ, "ਤੁਸੀਂ ਤਾਂ ਤੰਦਰੁਸਤ ਅਤੇ ਜਵਾਨੀ ਦੀ ਅਵਸਥਾ ਵਿਚ ਹੋ, ਅਜੇ ਤੁਹਾਡੀ ਉੱਮਰ ਹੀ ਕੀ ਹੈ ?" ਇਸ ਤੇ ਗੁਰੂਜੀ ਨੇ ਉਨ੍ਹਾਂ ਨੂੰ ਇਸ ਦਾ ਭੇਤ ਦਸਿਆ, "ਕੁਦਰਤ ਦੇ ਨਿਯਮਾਂ ਅਨੁਸਾਰ ਸਾਰੇ ਜੀਵਿਤ ਪ੍ਰਾਣੀਆਂ ਨੇ ਇੱਕ ਨਾ ਇੱਕ ਦਿਨ ਇਹ ਸੰਸਾਰ ਤਿਆਗ ਕੇ ਪਰਲੋਕ ਵਿਚ ਜਾਣਾ ਹੈ, ਬੇਸ਼ਕ ਉਹ ਪਰਾਕ੍ਰਮੀ ਮਨੁੱਖ ਹੋਵੇ ਜਾਂ ਚੱਕਰਵਰਤੀ ਸਮਰਾਟ, ਇਸ ਲਈ ਇਸ ਨਿਯਮ ਦੇ ਅਨੁਸਾਰ ਹੀ ਮੈਂ ਜਾਣਾ ਹੈ। ਇਸ ਵਿਚ ਛੋਟੀ ਉਮਰ ਜਾਂ ਲੰਮੀ ਉਮਰ ਦਾ ਸੁਆਲ ਹੀ ਨਹੀਂ ਹੈ। ਜਦੋਂ ਸਵਾਸਾਂ ਦੀ ਪੂੰਜੀ ਖਤਮ ਹੋ ਜਾਂਦੀ ਹੈ ਤਾਂ ਕੁਦਰਤ ਕੋਈ ਕਾਰਨ ਬਣਾ ਦੇਂਦੀ ਹੈ।"

ਸਾਹਿਬ ਦੇਵਾ ਦੀ ਇਸ ਉੱਤਰ ਨਾਲ ਸੰਤੁਸ਼ਟ ਨਹੀਂ ਹੋਏ। ਉਹ ਫਿਰ ਪੁੱਛਣ ਲੱਗੇ ਕਿ ਉਨ੍ਹਾਂ ਦੇ ਸਰੀਰ ਤਿਆਗਣ ਦਾ ਕੀ ਕਾਰਨ ਹੋਵੇਗਾ? ਇਸ ਤੇ ਗੁਰੂਜੀ ਨੇ ਉਨ੍ਹਾਂ ਨੂੰ ਸਮਝਾਂਦਿਆਂ ਹੋਇਆ ਕਿਹਾ, "ਮੇਰੇ ਨਾਲ ਇੱਕ ਦੁਰਘਟਨਾ ਵਾਪਰਨ ਵਾਲੀ ਹੈ, ਬਸ ਇਹ ਕਾਰਨ ਹੀ ਮੇਰੇ ਲਈ ਪ੍ਰਮਾਤਮਾ ਵਿਚ ਲੀਨ ਹੋਣ ਲਈ ਕਾਫੀ ਹੋਵੇਗਾ।" ਲੇਕਿਨ ਭਾਵੁਕਤਾ ਵਿਚ ਸਾਹਿਬ ਕੌਰ ਨੇ ਫਿਰ ਪ੍ਰਸ਼ਨ ਕੀਤਾ, "ਤੁਸੀਂ ਤਾਂ ਸਮਰੱਥ ਪੁਰਸ਼ ਹੋ, ਇਸ ਅਣਹੋਣੀ ਨੂੰ ਟਾਲਿਆ ਨਹੀਂ ਜਾ ਸਕਦਾ ਅਰਥਾਤ ਇਸ ਦੇ ਸਮੇਂ ਵਿਚ ਤਬਦੀਲੀ ਨਹੀਂ ਕੀਤੀ ਜਾ ਸਕਦੀ ?" ਜਵਾਬ ਵਿਚ ਗੁਰੂਜੀ ਨੇ ਕਿਹਾ, "ਕੁਦਰਤ ਦੇ ਕੰਮਾ ਵਿਚ ਦਖਲ ਦੇਣਾ ਠੀਕ ਨਹੀਂ, ਭਾਵੇਂ ਉਹ ਸਾਡੇ ਲਈ ਸੰਭਵ ਹੈ ਪਰ ਸਾਨੂੰ ਕੁਦਰਤ ਦੇ ਨਿਯਮਾਂ ਦਾ ਪਾਲਣ ਕਰਨਾ ਹੀ ਸ਼ੋਭਾ ਦੇਂਦਾ ਹੈ। ਉਦਾਹਰਣ ਵਜੋਂ ਦੁਆਪਰ ਯੁੱਗ ਵਿਚ ਸ੍ਰੀ ਕ੍ਰਿਸ਼ਨ ਜੀ ਜਾਣਦੇ ਸਨ ਕਿ ਉਨ੍ਹਾਂ ਦੀ ਹੱਤਿਆ ਇੱਕ ਸ਼ਿਕਾਰੀ ਦੁਆਰਾ ਗਲਤੀ ਨਾਲ ਹੋ ਜਾਵੇਗੀ ਪਰ ਉਹ ਉਸਦੇ ਲਈ ਤਿਆਰ ਸਨ ਅਤੇ ਸਾਧਾਰਣ ਰੂਪ ਵਿਚ ਵਿਚਰਦੇ ਰਹੇ। ਬਿਲਕੁਲ ਇਸੇ ਤਰ੍ਹਾਂ ਅਸੀਂ ਪ੍ਰਭੂ ਲੀਲਾ ਵਿਚ ਵਿਚਰਦੇ ਹੋਏ ਸਰੀਰ ਤਿਆਗਾਂਗੇ ।" ਉਨ੍ਹਾਂ ਦਿਨਾਂ ਵਿਚ ਪੰਜਾਬ ਤੋਂ ਬਾਬਾ ਬੁੱਢਾ ਜੀ ਦੇ ਪੋਤੇ ਰਾਮ ਕੰਵਰ ਜੀ ਤੇ ਉਨ੍ਹਾਂ ਦੀ ਮਾਤਾ ਗੁਰੂਜੀ ਦੇ ਦਰਸ਼ਨਾਂ ਲਈ ਨੰਦੇੜ ਆਏ ਹੋਏ ਸਨ। ਜਦੋਂ ਉਹ ਪੰਜਾਬ ਵਾਪਸ ਜਾਣ ਲੱਗੇ ਤਾਂ ਗੁਰੂਜੀ ਨੇ ਆਪਣੇ ਮਹਿਲ ਸਾਹਿਬ ਕੌਰ ਜੀ ਨੂੰ ਉਨ੍ਹਾਂ ਦੇ ਨਾਲ ਦਿੱਲੀ ਭੇਜ ਦਿੱਤਾ ।

## ਸਮਰਾਟ ਵਲੋਂ ਕੀਮਤੀ ਨਗੀਨਾ ਭੇਂਟ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਾਟ ਬਹਾਦੁਰ ਸ਼ਾਹ ਰਾਜਪੂਤਾਨੇ ਤੋਂ ਵਾਪਸੀ ਸਮੇਂ ਨੰਦੇੜ ਨਗਰ ਵਿਚ ਮਿਲਣ ਆਇਆ। ਉਸ ਸਮੇਂ ਗੁਰੂ ਜੀ ਗੋਦਾਵਰੀ ਨਦੀ ਤੇ ਤੱਟ ਤੇ ਇੱਕ ਪਾਸੇ ਆਰਾਮ ਕਰ ਰਹੇ ਸਨ। ਬਹਾਦੁਰ ਸ਼ਾਹ ਨੇ ਗੁਰੂ ਜੀ ਨੂੰ ਇੱਕ ਕੀਮਤੀ ਨਗੀਨਾ ਭੇਂਟ ਕੀਤਾ। ਗੁਰਦੇਵ ਜੀ ਨੇ ਨਗੀਨਾ ਚੱਕ ਕੇ ਬੜੀ ਬੇਪਰਵਾਹੀ ਨਾਲ ਗੁਦਾਵਰੀ ਨਦੀ ਵਿੱਚ ਸੁੱਟ ਦਿੱਤਾ।ਇਸ ਤੇ ਬਾਦਸ਼ਾਹ ਨੇ ਮਹਿਸੂਸ ਕੀਤਾ ਕਿ ਗੁਰੂ ਜੀ ਉਸ ਤੋਂ ਨਾਰਾਜ਼ ਹਨ ਇਸ ਲਈ ਉਹਨਾਂ ਨੇ ਮੇਰੀ ਭੇਟ ਸਵੀਕਾਰ ਨਹੀ ਕੀਤੀ ਕਿਉਂਕਿ ਮੈ ਆਪਣਾ ਗੁਰੂ ਜੀ ਨੂੰ ਦਿੱਤਾ ਵਚਨ ਪੂਰਾ ਜੋ ਨਹੀ ਕੀਤਾ।ਇਸ ਤਰਾਂ ਉਹ ਗੁਰੂ ਜੀ ਨੂੰ ਕਹਿਣ ਲੱਗਾ ਖਿਮਾ ਕਰਨਾ, ਮੈਂ ਆਪ ਜੀ ਦੀ ਨਾਰਾਜ਼ਗੀ ਨੂੰ ਸਮਝਦਾ ਹਾਂ।ਅਸਲ ਵਿੱਚ ਆਪ ਜੀ ਨੇ ਜੋ ਕੰਮ ਮੈਨੂੰ ਸੌਂਪਿਆ ਸੀ ਉਹ ਇਸ

ਵਕਤ ਇਤਨਾ ਮੁਸ਼ਕਲ ਹੈ ਕਿ ਜੇਕਰ ਮੈ ਉਸ ਵਚਨ ਦਾ ਪਾਲਣ ਕਰਦਾ ਹਾਂ ਤਾ ਦੇਸ਼ ਵਿੱਚ ਬਗਾਵਤ ਫੈਲ ਸਕਦੀ ਹੈ। ਇਸ ਲਈ ਮੈਂ ਆਪ ਜੀ ਦਾ ਹੁਕਮ ਨਹੀ ਮੰਨ ਸਕਿਆ, ਸੋ ਮੈ ਖਿਮਾ ਦਾ ਜਾਚਕ ਹਾਂ। ਤਾਂ ਗੁਰਦੇਵ ਜੀ ਨੇ ਕਿਹਾ ਕਿ ਜੋ ਅਸੀ ਤੈਨੂੰ ਕਹਿਣਾ ਚਾਹੁੰਦੇ ਸੀ ਉਹ ਤੂੰ ਖੁਦ ਹੀ ਸਵੀਕਾਰ ਕਰ ਲਈ ਹੈ।ਅਸਲ ਵਿੱਚ ਸ਼ਰ੍ਹਾ ਦੇ ਬੰਧਨਾਂ ਵਿੱਚ ਬੰਨੇ ਹੋਏ ਕਾਜ਼ੀ, ਮੋਲਾਣਿਆਂ ਤੋਂ ਤੂੰ ਡਰ ਗਿਆ ਹੈਂ ਇਸ ਕਰਕੇ ਹੁਣ ਅਸੀ ਆਪਣਾ ਕੰਮ ਆਪਣੇ ਕਿਸੀ ਬੰਦੇ ਤੋਂ ਕਰਵਾ ਲਵਾਂਗੇ।ਪਰ ਹੁਣ ਤੇਰੀ ਬਾਦਸ਼ਾਹੀ ਤੇਰੇ ਜੀਵਨ ਤੱਕ ਹੀ ਰਹੇਗੀ।ਤੇਰੇ ਤੋਂ ਬਾਦ ਤੇਰਾ ਰਾਜ ਜਲਦੀ ਹੀ ਖਿਲਰ ਜਾਏਗਾ ਅਤੇ ਤੇਰਾ ਤੇਜ ਪ੍ਰਤਾਪ ਸਹਿਜੇ-ਸਹਿਜੇ ਘਟਦਾ ਚਲਾ ਜਾਏਗਾ।ਤਦ ਗੁਰੂ ਜੀ ਨੇ ਉਸ ਦਾ ਉਦਾਸ ਚਿਹਰਾ ਵੇਖ ਕੇ ਪ੍ਰਸ਼ਨ ਕੀਤਾ ਕਿ, ਕੀ ਨਗੀਨਾ ਵਾਪਸ ਚਾਹੁੰਦੇ ਹੋ? ਬਾਦਸ਼ਾਹ ਨੇ ਕਿਹਾ, "ਹਾਂ।" ਗੁਰੂ ਜੀ ਨੇ ਬਾਦਸ਼ਾਹ ਨੂੰ ਕਿਹਾ ਕਿ ਨਦੀ ਦੇ ਪਾਣੀ ਵਿਚ ਜਾਉ ਅਤੇ ਉਥੋਂ ਆਪਣਾ ਨਗੀਨਾ ਛਾਂਟ ਕੇ ਲੈ ਆਉ। ਬਾਦਸ਼ਾਹ ਨੇ ਪੁੱਛਿਆ ਕਿ ਉਨ੍ਹਾਂ ਦੀ ਗੱਲ ਦਾ ਕੀ ਮਤਲਬ ਹੈ ? ਕੀ ਉਥੇ ਹੋਰ ਵੀ ਨਗੀਨੇ ਹਨ ? ਗੁਰੂ ਜੀ ਨੇ ਕਿਹਾ, "ਗੋਦਾਵਰੀ ਸਾਡਾ ਖਜ਼ਾਨਾ ਹੈ। ਅਸੀਂ ਤੁਹਾਡੀ ਭੇਂਟ ਆਪਣੇ ਖਜ਼ਾਨੇ ਵਿਚ ਜਮ੍ਹਾਂ ਕਰ ਦਿੱਤੀ ਸੀ ਪਰ ਤੁਹਾਨੂੰ ਸ਼ੱਕ ਹੋ ਗਿਆ ਹੈ, ਇਸ ਲਈ ਆਪ ਹੀ ਆਪਣਾ ਨਗੀਨਾ ਚੁਣ ਕੇ ਲੈ ਆਉ।" ਬਹਾਦੁਰ ਸ਼ਾਹ ਨਦੀ ਵਿਚ ਉਤਰਿਆ ਅਤੇ ਉਥੇ ਰੇਤ ਵਿਚ ਅਣਗਿਣਤ ਨਗੀਨੇ ਵੇਖਣ ਲੱਗਾ। ਉਸਨੇ ਕੁਝ ਨਗੀਨੇ ਪਾਣੀ ਤੋਂ ਬਾਹਰ ਕੱਢ ਕੇ ਧਿਆਨ ਨਾਲ ਪਰਖੇ। ਉਹ ਸਾਰੇ ਇੱਕ ਤੋਂ ਇੱਕ ਵੱਧ ਸੋਹਣੇ, ਕੀਮਤੀ ਤੇ ਅਦਭੁਤ ਸਨ। ਇਹ ਸਭ ਵੇਖ ਕੇ ਉਹ ਹੈਰਾਨ ਹੀ ਰਹਿ ਗਿਆ ਅਤੇ ਉਸਨੇ ਸਾਰੇ ਨਗੀਨੇ ਵਾਪਸ ਨਦੀ ਵਿਚ ਸੁੱਟ ਦਿੱਤੇ। ਨਦੀ ਤੋਂ ਬਾਹਰ ਆ ਕੇ ਬਾਰ-ਬਾਰ ਨਮਸ਼ਕਾਰ ਕਰਨ ਲੱਗਾ।

## ਧਨੁਸ਼ ਵਿਦਿਆ ਦੇ ਮੁਕਾਬਲੇ ਦਾ ਪ੍ਰਬੰਧ

ਇੱਕ ਦਿਨ ਨੰਦੇੜ ਵਿਚ ਗੁਰੂ ਜੀ ਦਾ ਦਰਬਾਰ ਸੱਜਿਆ ਹੋਇਆ ਸੀ। ਉਸ ਸਮੇਂ ਸਮਰਾਟ ਉਨ੍ਹਾਂ ਨੂੰ ਆਪਣੇ ਖਾਸ ਅਧਿਕਾਰੀਆਂ ਸਮੇਤ ਮਿਲਣ ਆਇਆ । ਗੁਰੂ ਜੀ ਨੂੰ ਕੁਝ ਅਧਿਕਾਰੀਆਂ ਨੇ ਬੇਨਤੀ ਕੀਤੀ, " ਹੇ ਪੀਰ ਜੀ ! ਅਸੀਂ ਤੁਹਾਡੀ ਤੀਰ ਅੰਦਾਜ਼ੀ ਦੀ ਬਹੁਤ ਮਹਿਮਾ ਸੁਣੀ ਹੈ, ਸਾਨੂੰ ਵੀ ਪਰਤੱਖ ਤੀਰ ਅੰਦਾਜ਼ੀ ਦੀ ਨਿਪੁੰਨਤਾ ਵਿਖਾ ਕੇ ਧੰਨਵਾਦ ਦੇ ਪਾਤਰ ਬਣਾਉ।" ਗੁਰੂ ਜੀ ਨੇ ਉਨ੍ਹਾਂ ਦੀ ਬੇਨਤੀ ਸਵੀਕਾਰ ਕਰਦੇ ਹੋਏ ਇਕ ਵਿਸ਼ਾਲ ਮੁਕਾਬਲੇ ਦੇ

ਪ੍ਰਬੰਧ ਦਾ ਐਲਾਨ ਕਰਵਾ ਦਿੱਤਾ, ਜਿਸ ਵਿਚ ਸਾਰੇ ਇਲਾਕਿਆਂ ਦੇ ਯੋਧਿਆਂ ਨੂੰ ਧਨੁਸ਼ ਵਿਦਿਆ ਦੇ ਜੌਹਰ ਵਿਖਾਉਣ ਦਾ ਸ਼ੁਭ ਮੌਕਾ ਦਿੱਤਾ ਜਾਵੇਗਾ। ਬਸ ਫਿਰ ਕੀ ਸੀ ? ਸਥਾਨਕ ਪ੍ਰਸ਼ਾਸਨ ਵਲੋਂ ਕੁਝ ਵਧੀਆ ਤੀਰ ਅੰਦਾਜ਼ਾਂ ਨੂੰ ਭੇਜਿਆ ਗਿਆ। ਕੁਝ ਆਸ ਪਾਸ ਦੇ ਇਲਾਕਿਆਂ ਤੋਂ ਆਦਿਵਾਸੀ ਵੀ ਆਏ। ਕੁਝ ਸਮਰਾਟ ਦੀਆਂ ਸੈਨਿਕ ਟੁਕੜੀਆਂ ਦੇ ਜਵਾਨ ਵੀ ਇਸ ਮੁਕਾਬਲੇ ਵਿਚ ਭਾਗ ਲੈਣ ਆਏ। ਗੁਰੂਜੀ ਨੇ ਇੱਕ ਵਿਸ਼ਾਲ ਮੈਦਾਨ ਦੀ ਨਿਸ਼ਾਨਦੇਹੀ ਕਰਵਾ ਦਿੱਤੀ ਅਤੇ "ਨਿਸ਼ਾਨਾ-ਸਾਧਣ" ਦੇ ਲਈ ਕਠਪੁਤਲੀਆਂ ਨਿਸ਼ਚਿਤ ਦੂਰੀ ਤੇ ਰਖਵਾ ਦਿੱਤੀਆਂ। ਨਿਸ਼ਚਿਤ ਸਮੇਂ ਤੇ ਮੁਕਾਬਲਾ ਸ਼ੁਰੂ ਹੋਇਆ, ਪਰ ਦੂਰ ਦਾ ਨਿਸ਼ਾਨਾ ਲਗਾਉਣ ਵਿਚ ਸਾਰੇ ਅਸਫਲ ਰਹੇ। ਅੰਤ ਵਿਚ ਗੁਰੂ ਜੀ ਨੇ ਦੂਰ ਦਾ ਸਫਲ ਨਿਸ਼ਾਨਾ ਲਗਾ ਕੇ ਸਾਰਿਆਂ ਦੀ ਜਗਿਆਸਾ ਦੀ ਤ੍ਰਿਪਤੀ ਕਰ ਦਿੱਤੀ। ਇਸ ਮੁਕਾਬਲੇ ਵਿਚ ਬਹੁਤ ਸਾਰੇ ਤੀਰ-ਅੰਦਾਜ਼ਾਂ ਨੂੰ ਇਨਾਮ ਦਿੱਤੇ ਗਏ ਜਿਨ੍ਹਾਂ ਵਿਚ ਸਥਾਨਕ ਸ਼ਾਸਕ ਫਿਰੋਜ਼ਖਾਨ ਦੀ ਸੈਨਾ ਦੇ ਦੋ ਜਵਾਨ ਵੀ ਸਨ, ਇਨ੍ਹਾਂ ਦੇ ਤੀਰ ਲਗਭਗ ਨਿਸ਼ਚਿਤ ਨਿਸ਼ਾਨੇ ਦੇ ਨੇੜੇ ਹੀ ਡਿੱਗੇ ਸਨ। ਗੁਰੂ ਜੀ ਇਨ੍ਹਾਂ ਤੇ ਬਹੁਤ ਪ੍ਰਸੰਨ ਹੋਏ ਅਤੇ ਇਨ੍ਹਾਂ ਨੂੰ ਪੰਜ ਪੰਜ ਸੋਨੇ ਦੀਆਂ ਮੋਹਰਾਂ ਇਨਾਮ ਵਜੋਂ ਦਿੱਤੀਆਂ, ਨਾਲ ਹੀ ਇਨ੍ਹਾਂ ਬਾਰੇ ਜਾਣਕਾਰੀ ਵੀ ਪ੍ਰਾਪਤ ਕੀਤੀ। ਇਨ੍ਹਾਂ ਦੋਹਾਂ ਸੈਨਿਕਾਂ ਨੇ ਗੁਰੂ ਜੀ ਨੂੰ ਦੱਸਿਆ ਕਿ ਉਹ ਆਪਸ ਵਿਚ ਭਰਾ ਹਨ ਜੋ ਕਿ ਪੰਜਾਬ ਦੇ ਪਠਾਣ ਕਬੀਲਿਆਂ ਨਾਲ ਸੰਬੰਧ ਰੱਖਦੇ ਹਨ। ਇਨ੍ਹਾਂ ਦੋਹਾਂ ਭਰਾਵਾਂ ਦੇ ਨਾਂ ਗੁੱਲਖਾਨ ਅਤੇ ਅਤਾਉਲਾ ਖਾਨ ਹਨ। ਗੁਰੂਜੀ ਨੇ ਕਿਹਾ, "ਤੁਸੀਂ ਕਿਸੇ ਬਹੁਤ ਵੱਡੇ ਯੋਧਾ ਪਿਤਾ ਦੇ ਪੁੱਤਰ ਜਾਪਦੇ ਹੋ।" ਜਵਾਬ ਵਿਚ ਗੁੱਲਖਾਨ ਨੇ ਦੱਸਿਆ ਕਿ ਉਹ ਸੈਦੇਖਾਨ ਦੇ ਸਪੁੱਤਰ ਅਤੇ ਪੈਂਦੇ ਖਾਨ ਦੇ ਪੋਤਰੇ ਹਨ ਜੋ ਕਦੇ ਪੂਰੇ ਦੇਸ਼ ਵਿਚ ਸੂਰਬੀਰ ਮੰਨੇ ਜਾਂਦੇ ਸਨ। ਇਹ ਸੁਣ ਕੇ ਗੁਰੂਜੀ ਨੇ ਕਿਹਾ, "ਇਹ ਉਹੀ ਤਾਂ ਨਹੀਂ, ਜੋ ਸਾਡੇ ਦਾਦਾ ਜੀ ਦੁਆਰਾ ਲੜਾਈ ਦੇ ਮੈਦਾਨ ਵਿਚ ਮਾਰ ਦਿੱਤੇ ਗਏ ਸਨ।" ਉਸੇ ਯੋਧੇ ਦੇ ਪੋਤੇ ਹਾਂ। ਸਾਡੇ ਪਿਤਾ ਜੀ ਸਰਹਿੰਦ ਦੇ ਗਵਰਨਰ ਦੀ ਸੈਨਾ ਵਿਚ ਸਨ, ਜੋ ਕਿ ਆਨੰਦਪੁਰ ਸਾਹਿਬ ਦੇ ਯੁੱਧ ਵਿਚ ਤੁਹਾਡੇ ਹੱਥੋਂ ਵੀਰ ਗਤੀ ਪਾ ਗਏ ਸਨ।" ਉਨ੍ਹਾਂ ਦਾ ਛਲ-ਕਪਟ ਤੋਂ ਬਿਨਾਂ ਸਹਿਜ ਭਾਵ ਦਾ ਉੱਤਰ ਸੁਣ ਕੇ ਗੁਰੂ ਜੀ ਬਹੁਤ ਖੁਸ਼ ਹੋਏ ਅਤੇ ਪੁੱਛਣ ਲਗੇ ਕਿ ਤੁਹਾਨੂੰ ਆਪਣੇ ਪਿਤਾ ਜੀ ਦੀ ਮੌਤ ਦਾ ਕੋਈ ਗਿਲ੍ਹਾ ਤਾਂ ਨਹੀਂ। ਉਹ ਬੋਲੇ, "ਨਹੀਂ, ਗੁਰੂ ਜੀ, ਤੁਸੀਂ ਤਾਂ ਉਨ੍ਹਾਂ ਨੂੰ ਰਣ-ਭੂਮੀ ਵਿਚ ਮਾਰਿਆ ਹੈ, ਵੀਰ-ਯੋਧਾ ਉਹੀ ਹੁੰਦਾ ਹੈ, ਜੋ ਰਣ-ਭੂਮੀ ਵਿਚ ਦੋ ਹੱਥ ਦੇਖਦਾ ਹੈ, ਦੋ-ਹੱਥ ਦਿਖਾਉਂਦਾ ਹੈ, ਇਸ ਵਿਚ ਗਿਲ੍ਹਾ ਕਿਸ ਗੱਲ ਦਾ ਹੈ?" ਫਿਰ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੇ

ਮਾਤਾ ਜੀ ਵੀ ਨਾਲ ਹੀ ਆਏ ਹਨ। ਉਹ ਸਾਨੂੰ ਅਕਸਰ ਦੱਸਦੇ ਰਹਿੰਦੇ ਹਨ ਕਿ ਸਾਡੇ ਦਾਦਾ ਪੈਂਦੇ ਖਾਨ ਨੂੰ ਗੁਰੂ ਜੀ ਦੇ ਦਾਦਾ ਸ੍ਰੀ ਗੁਰੂ ਹਰਗੋਬਿੰਦ ਜੀ ਨੇ ਆਪਣੇ ਪੁੱਤਰਾਂ ਵਾਂਗ ਪਾਲਿਆ ਸੀ। ਜਦੋਂ ਉਹ ਰਣ-ਭੂਮੀ ਵਿਚ ਗੁਰੂ ਜੀ ਤੋਂ ਮਾਰੇ ਗਏ ਸਨ ਤਾਂ ਗਲਤੀ ਤੁਸਾਡੇ ਦਾਦਾ ਜੀ ਦੀ ਹੀ ਸੀ। ਤੁਸੀਂ ਤਾਂ ਗੁਰੂ ਪੀਰ ਲੋਕ ਹੋ, ਤੁਹਾਡੇ ਲਈ ਤਾਂ ਸਾਰੇ ਇੱਕ ਸਮਾਨ ਹਨ, ਤੁਸੀ ਤਾਂ ਕਿਸੇ ਨਾਲ ਦੁਸ਼ਮਣੀ ਨਹੀਂ ਰੱਖਦੇ। ਇਸ ਲਈ ਅਸੀਂ ਕਈ ਵਾਰ ਤੁਹਾਡੇ ਪ੍ਰਵਚਨ ਸੁਣਨ ਲਈ ਤੁਹਾਡੇ ਸੰਮੇਲਨਾਂ ਵਿਚ ਆਉਂਦੇ ਰਹਿੰਦੇ ਹਾਂ। ਗੁਰੂਜੀ ਸੰਤੁਸ਼ਟ ਹੋਏ ਅਤੇ ਕਿਹਾ, "ਠੀਕ ਹੈ, ਤੁਸੀ ਲੋਕ ਸਾਡੇ ਕੋਲ ਆਉਂਦੇ ਰਿਹਾ ਕਰੋ ਕਿਉਕਿ ਇੱਕ ਯੋਧਾ ਦੂਜੇ ਯੋਧੇ ਦੀ ਕਦਰ ਕਰਦਾ ਹੈ, ਇਸ ਲਈ ਸਾਡੇ ਦਿਲ ਵਿਚ ਤੁਹਾਡੀ ਕਦਰ ਹੈ ।" ਇਸ ਪ੍ਰਕਾਰ ਇਹ ਦੋ ਪੰਜਾਬੀ ਪਠਾਣ ਗੁਰੂ ਜੀ ਦੇ ਚੇਲਿਆਂ ਦੇ ਰੂਪ ਵਿਚ ਗੁਰੂ ਜੀ ਦੇ ਨਿਵਾਸ ਸਥਾਨ ਤੇ ਆਉਣ ਜਾਣ ਲੱਗੇ।

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਤੇ ਘਾਤਕ ਹਮਲਾ

ਗੁਰੂ ਜੀ ਇਨ੍ਹਾਂ ਪੰਜਾਬੀ ਪਠਾਣ ਭਰਾਵਾਂ ਨੂੰ ਸ਼ਸਤਰ ਵਿਦਿਆ ਵਿਚ ਨਿਪੁੰਨ ਕਰਨ ਲਈ ਅਭਿਆਸ ਕਰਵਾਉਂਦੇ ਅਤੇ ਖਾਸ-ਗੁਰ ਸਿਖਾਉਂਦੇ ਪਰ ਇਹ ਸਭ ਗੁਰੂ ਜੀ ਦੇ ਨਿਕਟਵਰਤੀ ਸਿੱਖਾਂ ਨੂੰ ਚੰਗਾ ਨਾ ਲੱਗਾ। ਭਾਈ ਦਇਆ ਸਿੰਘ ਜੀ ਨੇ ਗੁਰੂ ਜੀ ਨੂੰ ਚੇਤੰਨ ਕੀਤਾ ਕਿ ਇਹ ਦੁਸ਼ਮਣ ਦੇ ਬੰਦੇ ਹਨ, ਕਦੇ ਵੀ ਕੁਝ ਗਲਤ ਕਰ ਸਕਦੇ ਹਨ, ਤੁਸੀਂ ਇਨ੍ਹਾਂ ਨੂੰ ਆਪਣੇ ਨੇੜੇ ਨਾ ਲਾਉ। ਗੁਰੂ ਜੀ ਨੇ ਜਵਾਬ ਦਿੱਤਾ, "ਸਭ ਕੁਝ ਉਸ ਪ੍ਰਮਾਤਮਾ ਦੇ ਨਿਯਮ ਅਨੁਸਾਰ ਹੀ ਹੁੰਦਾ ਹੈ, ਅਸੀਂ ਵਿਧਾਤਾ ਦੇ ਕੰਮਾਂ ਵਿਚ ਦਖਲ-ਅੰਦਾਜ਼ੀ ਨਹੀਂ ਕਰ ਸਕਦੇ, ਬਸ ਇਹੀ ਸਾਡਾ ਵਿਸ਼ਵਾਸ ਹੈ ।

ਇੱਕ ਦਿਨ ਸਥਾਨਕ ਪ੍ਰਸ਼ਾਸਨ ਨੇ ਬਕਰੀਦ ਦੇ ਤਿਉਹਾਰ ਤੇ ਸ਼ਸਤਰ-ਵਿਦਿਆ ਦੇ ਮੁਕਾਬਲੇ ਦਾ ਪ੍ਰਬੰਧ ਕੀਤਾ। ਇਸ ਮੁਕਾਬਲੇ ਵਿਚ ਦੋਵੇਂ ਪਠਾਣ ਭਰਾ ਜੇਤੂ ਰਹੇ। ਇਨ੍ਹਾਂ ਭਰਾਵਾਂ ਦੇ ਵਿਰੋਧੀਆਂ ਨੇ, ਜੋ ਕਿ ਇਨ੍ਹਾਂ ਨਾਲ ਬਹੁਤ ਈਰਖਾ ਕਰਦੇ ਸਨ, ਸਥਾਨਕ ਸੈਨਿਕਾਂ ਦੇ ਨਾਲ ਰਲ ਕੇ ਇਨ੍ਹਾਂ ਦੋਹਾਂ ਨੂੰ ਬਹੁਤ ਭੱਦੇ ਮਜ਼ਾਕ ਕੀਤੇ ਅਤੇ ਕਹਿਣ ਲੱਗੇ, "ਜੋ ਵਿਅਕਤੀ ਤੁਹਾਡੇ ਪਿਉ-ਦਾਦੇ ਦਾ ਹਤਿਆਰਾ ਹੈ, ਤੁਸੀਂ ਉਸਦੇ ਚੇਲੇ ਹੋ, ਤੁਹਾਨੂੰ ਤਾਂ ਡੁੱਬ ਮਰਨਾ ਚਾਹੀਦਾ ਹੈ। ਪਠਾਣ ਅਖਵਾਉਂਦੇ ਹੋ ਅਤੇ ਆਪਣੇ ਵੱਡੇ-ਵਡੇਰਿਆਂ ਦਾ ਬਦਲਾ ਵੀ ਨਹੀਂ ਲੈ ਸਕਦੇ, ਕਿਹੋ

ਜਿਹੇ ਯੋਧੇ ਹੋ ? ਸਾਨੂੰ ਤਾਂ ਨਿਪੁੰਸਕ (ਨਾਮਰਦ) ਪ੍ਰਤੀਤ ਹੁੰਦੇ ਹੋ, ਆਦਿ ।" ਇਹ ਮਜ਼ਾਕ ਇਨ੍ਹਾਂ ਭਰਾਵਾਂ ਦੇ ਹਿਰਦੇ ਛਾਨਣੀ ਕਰ ਗਿਆ। ਗੁੱਲਖਾਨ ਆਵੇਸ਼ ਵਿਚ ਆ ਗਿਆ ਅਤੇ ਉਸਨੇ ਭਾਵੁਕਤਾ ਵਿਚ ਇਕਾਂਤ ਦਾ ਸਮਾਂ ਪਾ ਕੇ ਗੁਰੂ ਜੀ ਤੇ ਕਟਾਰ ਨਾਲ ਵਾਰ ਕਰ ਦਿੱਤਾ। ਉਸ ਸਮੇਂ ਗੁਰੂ ਜੀ ਆਰਾਮ ਕਰਨ ਲਈ ਲੇਟੇ ਹੋਏ ਸਨ। ਗੁਰੂ ਜੀ ਨੇ ਉਸੇ ਪਲ ਆਪਣੀ ਕਿਰਪਾਨ ਨਾਲ ਗੁੱਲਖਾਨ ਦੇ ਦੋ ਟੁੱਕੜੇ ਕਰ ਦਿੱਤੇ। ਖੜਾਕ ਸੁਣਦਿਆਂ ਹੀ ਸੰਤਰੀ ਸਾਵਧਾਨ ਹੋ ਗਿਆ ਅਤੇ ਉਸ ਨੇ ਬਾਹਰ ਭੱਜਦੇ ਹੋਏ ਗੁੱਲਖਾਨ ਦੇ ਛੋਟੇ ਭਰਾ ਅਤਾਉੱਲਾ ਖਾਨ ਨੂੰ ਦਬੋਚ ਲਿਆ। ਉਸਨੇ ਸਾਰਾ ਭੇਤ ਦੱਸ ਦਿੱਤਾ। ਜਦ ਸਿੱਖਾਂ ਨੇ ਗੁਰੂ ਜੀ ਦਾ ਡੂੰਘਾ ਜ਼ਖਮ ਵੇਖਿਆ ਤਾਂ ਗੁੱਸੇ ਵਿਚ ਉਨ੍ਹਾਂ ਨੇ ਉਸ ਨੂੰ ਵੀ ਮੌਤ ਦੀ ਸਜ਼ਾ ਦੇ ਦਿੱਤੀ। ਗੁਰੂ ਜੀ ਦਾ ਬਾਣਾ ਖੂਨ ਨਾਲ ਲੱਥ-ਪੱਥ ਹੋ ਗਿਆ, ਜਲਦੀ ਹੀ ਵੈਦ ਨੂੰ ਬੁਲਾਇਆ ਗਿਆ, ਉਸਨੇ ਗੁਰੂ ਜੀ ਦੇ ਜ਼ਖਮ ਨੂੰ ਸਿਉਂ ਦਿੱਤਾ ਅਤੇ ਮਰਹੱਮ ਪੱਟੀ ਕਰ ਦਿੱਤੀ। ਗੁਰੂਜੀ ਨੂੰ ਪੂਰਨ ਤੌਰ ਤੇ ਆਰਾਮ ਕਰਨ ਦੀ ਸਲਾਹ ਦਿੱਤੀ। ਇਹ ਸੂਚਨਾ ਸਮਰਾਟ ਨੂੰ ਵੀ ਭੇਜੀ ਗਈ, ਜੋ ਕੁਝ ਦਿਨ ਪਹਿਲਾਂ ਹੀ ਗੁਰੂ ਜੀ ਨੂੰ ਮਿਲ ਕੇ ਦਿੱਲੀ ਵਾਪਸ ਜਾ ਰਿਹਾ ਸੀ। ਠੀਕ ਇਲਾਜ ਹੋਣ ਨਾਲ ਗੁਰੂਜੀ ਦਾ ਜ਼ਖਮ ਭਰਨ ਲੱਗਾ ਅਤੇ ਥੋੜ੍ਹੇ ਸਮੇਂ ਵਿਚ ਹੀ ਗੁਰੂਜੀ ਲਗਭਗ ਨਿਰੋਗ ਹੋ ਗਏ ਤੇ ਸਾਧਾਰਨ ਰੂਪ ਵਿਚ ਵਿਚਰਨ ਲੱਗੇ। ਉਨ੍ਹਾਂ ਦਿਨਾਂ ਵਿਚ, ਹੈਦਰਾਬਾਦ ਦੇ ਕੁਝ ਸ਼ਰਧਾਲੂਆਂ ਨੇ ਗੁਰੂਜੀ ਨੂੰ ਕੁਝ ਵਿਸ਼ੇਸ਼ ਸ਼ਸਤਰ ਭੇਂਟ ਕੀਤੇ, ਜਿਨ੍ਹਾਂ ਵਿਚ ਇੱਕ ਬਹੁਤ ਵੱਡਾ ਧਨੁਸ਼ ਸੀ। ਇਨ੍ਹਾਂ ਸ਼ਸਤਰਾਂ ਦੀ ਨੁਮਾਇਸ਼ ਲਗਾਈ ਗਈ। ਇਸ ਭਾਰੀ ਧਨੁਸ਼ ਨੂੰ ਵੇਖ ਕੇ ਕੁਝ ਦਰਸ਼ਕਾਂ ਨੇ ਸ਼ੰਕਾ ਪ੍ਰਗਟ ਕੀਤੀ ਇਹ ਧਨੁਸ਼ ਤਾਂ ਕੇਵਲ ਨੁਮਾਇਸ਼ ਵਿਚ ਹੀ ਰੱਖਿਆ ਜਾ ਸਕਦਾ ਹੈ, ਇਸ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ, ਕਿਉਂਕਿ ਇਸ ਭਾਰੀ ਧਨੁਸ਼ ਦੀ ਵਰਤੋਂ ਕਰਨ ਵਾਲੇ ਯੋਧੇ ਦੀ ਹੋਂਦ ਹੀ ਸੰਭਵ ਨਹੀਂ।

ਇਹ ਗੱਲ ਸੁਣ ਕੇ ਕੁਝ ਸਿੱਖਾਂ ਨੇ ਕਮਾਨ ਤੇ ਚਿੱਲਾ ਚੜ੍ਹਾਉਣ ਦਾ ਅਨੇਕ ਵਾਰ ਯਥਨ ਕੀਤਾ ਪਰ ਉਹ ਅਸਫਲ ਰਹੇ। ਇਹ ਵੇਖ ਕੇ ਗੁਰੂਜੀ ਵਿਚਾਰਵਾਨ ਹੋ ਗਏ। ਉਨ੍ਹਾਂ ਨੇ ਸਿੱਖਾਂ ਤੋਂ ਇਹ ਭਾਰੀ ਧਨੁਸ਼ ਲੈ ਲਿਆ ਅਤੇ ਉਸ ਤੇ ਚਿੱਲਾ ਚੜ੍ਹਾ ਕੇ ਜ਼ੋਰ ਨਾਲ ਖਿਚਿਆ, ਜਿਸ ਕਾਰਨ ਜ਼ਿਆਦਾ ਜ਼ੋਰ ਪੇਟ ਤੇ ਪਿਆ ਅਤੇ ਉਨ੍ਹਾਂ ਦੇ ਕੱਚੇ ਜ਼ਖਮ ਖੁੱਲ੍ਹ ਗਏ। ਖੂਨ ਬਹੁਤ ਤੇਜ਼ੀ ਨਾਲ ਵਗਣ ਲੱਗਾ। ਇਹ ਅਣਹੋਣੀ ਵੇਖ ਕੇ ਸਾਰੇ ਸਹਿਮ ਗਏ। ਦੁਬਾਰਾ ਇਲਾਜ ਲਈ ਵੈਦ ਨੂੰ ਤੁਰੰਤ ਬੁਲਾਇਆ ਗਿਆ। ਉਸਨੇ ਜ਼ਖਮ ਦੁਬਾਰਾ ਸਿਉਂ ਦਿੱਤੇ। ਪਰ ਗੁਰੂਜੀ ਨੇ ਕਿਹਾ ਕਿ ਹੁਣ ਸਾਰੇ

ਯਤਨ ਵਿਅਰਥ ਹਨ, ਹੁਣ ਆਖਰੀ ਸਮਾਂ ਆ ਗਿਆ ਹੈ ਅਤੇ ਗੁਰੂ ਜੀ ਨੇ ਸੱਚਖੰਡ ਜਾਣ ਦੀ ਤਿਆਰੀ ਸ਼ੁਰੂ ਕਰ ਦਿੱਤੀ।

## ਭਾਈ ਦਇਆ ਸਿੰਘ ਜੀ ਦਾ ਅਕਾਲ ਚਲਾਣਾਂ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਜਦੋਂ ਗੁੱਲਖਾਨ ਨਾਂ ਦੇ ਪਠਾਣ ਨੇ ਜ਼ਖਮੀ ਕਰ ਦਿੱਤਾ ਤਾਂ ਸਾਰੇ ਸਿੱਖ ਪਲ ਭਰ ਵਿਚ ਇਕੱਠੇ ਹੋ ਗਏ। ਭਾਈ ਦਇਆ ਸਿੰਘ ਜੀ ਨੇ ਵੈਦ ਨੂੰ ਬੁਲਵਾਇਆ। ਇਲਾਜ ਦੇ ਸਮੇਂ ਉਹ ਗੁਰੂ ਜੀ ਦੇ ਨੇੜੇ ਹੀ ਖਲੋਤੇ ਸਨ। ਉਹ ਗੁਰੂ ਜੀ ਦੇ ਜ਼ਖਮ ਨੂੰ ਵੇਖ ਕੇ ਤੜਫ ਉਠੇ, ਇਹ ਸਦਮਾ ਉਹ ਸਹਿਣ ਨਾ ਕਰ ਸਕੇ, ਕਿਉਂਕਿ ਉਨ੍ਹਾਂ ਦਾ ਗੁਰੂ ਜੀ ਨਾਲ ਅਥਾਹ ਪਿਆਰ ਸੀ। ਉਨ੍ਹਾਂ ਨੂੰ ਗਹਿਰਾ ਸਦਮਾ ਲੱਗਾ। ਉਹ ਸ਼ਾਂਤਚਿਤ ਗੁਰੂ ਜੀ ਦੇ ਪਲੰਘ ਦੇ ਨੇੜੇ ਹੀ ਬਿਰਾਜ ਗਏ। ਉਹ ਗੰਭੀਰ ਚਿੰਤਾ ਵਿਚ ਸਨ ਤਾਂ ਉਨ੍ਹਾਂ ਨੂੰ ਮਾਨਸਿਕ ਧੱਕਾ ਲੱਗਾ। ਇਸੇ ਕਾਰਨ ਉਨ੍ਹਾਂ ਦੇ ਦਿਲ ਦੀ ਧੜਕਣ ਬੰਦ ਹੋ ਗਈ ਅਤੇ ਉਨ੍ਹਾਂ ਨੇ ਸਰੀਰ ਤਿਆਗ ਦਿੱਤਾ। ਗੁਰੂਜੀ ਦੀ ਆਗਿਆ ਅਨੁਸਾਰ ਉਨ੍ਹਾਂ ਦਾ ਅੰਤਿਮ ਸੰਸਕਾਰ ਉਥੇ ਹੀ ਕਰ ਦਿੱਤਾ ਗਿਆ।

## ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਪਦਵੀ ਪ੍ਰਦਾਨ ਕੀਤੀ

ਗੁਰੂ ਜੀ ਦੇ ਆਦੇਸ਼ ਤੇ, ਉਸੇ ਵੇਲੇ ਦੀਵਾਨ ਸਜਾਇਆ ਗਿਆ ਗੁਰੂ ਜੀ ਤੋਂ ਉਸ ਮੌਕੇ ਗੁਰੂ-ਪਰੰਪਰਾ ਦੇ ਅੱਗੇ ਚਲਦੇ ਰਹਿਣ ਬਾਰੇ ਪੁੱਛਿਆ ਗਿਆ। ਗੁਰੂਜੀ ਨੇ ਉਥੇ ਇਕੱਠੀ ਹੋਈ ਉਦਾਸ ਸੰਗਤ ਨੂੰ ਹੌਂਸਲਾ ਦੇਂਦੇ ਹੋਏ ਸਮਝਾਇਆ ਕਿ ਜਿਵੇਂ ਮਨੁੱਖ ਦੀ ਮੌਤ ਦੇ ਬਾਅਦ ਵੀ ਉਸਦੀ ਆਤਮਾ ਜੀਵਿਤ ਹੀ ਰਹਿੰਦੀ ਹੈ, ਠੀਕ ਉਸੇ ਤਰ੍ਹਾਂ ਗੁਰੂਆਂ ਦੇ ਚਲੇ ਜਾਣ ਦੇ ਬਾਅਦ ਵੀ ਉਨ੍ਹਾਂ ਦੀ ਪੱਵਿਤਰ ਬਾਣੀ ਉਨ੍ਹਾਂ ਦੀ ਆਤਮਾ ਦੇ ਰੂਪ ਵਿਚ ਤੁਹਾਡੇ ਕੋਲ ਹੀ ਹੋਵੇਗੀ। ਭਵਿਖ ਵਿਚ ਖਾਲਸੇ ਨੇ ਉਸੇ ਬਾਣੀ ਤੋਂ ਸੇਧ ਅਤੇ ਅਗਵਾਈ ਲੈਣੀ ਹੈ ਅਤੇ ਸ਼ਬਦ ਰੂਪ ਵਿਚ ਹੀ ਗੁਰੂ ਨੂੰ ਪਹਿਚਾਣਨਾ ਹੈ। ਇਸ ਤਰ੍ਹਾਂ ਗੁਰੂਜੀ ਨੇ ਉਸੇ ਸਮੇਂ ਦਮਦਮੇ ਵਾਲਾ ਗ੍ਰੰਥ ਸਾਹਿਬ ਦੀ ਬੀੜ ਦਾ ਪ੍ਰਕਾਸ਼ ਕਰਨ ਦਾ ਆਦੇਸ਼ ਦਿੱਤਾ। ਆਪ ਬਹੁਤ ਹੌਂਸਲੇ ਤੇ ਸ਼ਾਂਤੀ ਨਾਲ ਆਪਣੇ ਨਿਵਾਸ ਸਥਾਨ ਤੇ ਗਏ। ਉਥੇ ਉਨ੍ਹਾਂ ਨੇ ਸਾਫ ਸੁਥਰਾ ਤੇ ਸੁੰਦਰ ਬਾਣਾ ਧਾਰਨ ਕੀਤਾ, ਵਾਪਸ ਆ ਕੇ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਖੜੇ ਹੋ ਕੇ ਸਾਰੀ ਸੰਗਤ ਵਿਚ ਸ਼ਾਮਲ ਹੋਣ ਉਪਰੰਤ ਅਕਾਲ ਪੁਰਖ ਨੂੰ

ਸੰਬੋਧਨ ਕਰਕੇ ਅਰਦਾਸ ਕੀਤੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਡੰਡੌਤ ਕੀਤੀ। ਫਿਰ ਗੁਰੂ-ਪਰੰਪਰਾ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੀਆਂ ਚਾਰ ਪਰਕਰਮਾਂ ਕੀਤੀਆਂ ਕੁਝ ਸਮੱਗਰੀ ਇੱਕ ਥਾਲ ਵਿਚ ਰੱਖ ਕੇ ਗੁਰੂ ਗ੍ਰੰਥ ਸਾਹਿਬ ਨੂੰ ਭੇਂਟ ਕੀਤੀ। ਇਸ ਤਰ੍ਹਾਂ ਵਿਧੀ ਪੂਰਵਕ ਸਾਰੀਆਂ ਗੁਰ-ਮਰਿਆਦਾਵਾਂ ਸੰਪੂਰਨ ਕਰਦਿਆਂ ਹੋਇਆਂ ਉਨ੍ਹਾਂ ਨੇ ਗੁਰੂ ਪਦਵੀ ਗੁਰੂ ਗ੍ਰੰਥ ਸਾਹਿਬ ਨੂੰ ਦੇ ਦਿੱਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਪ੍ਰਦਾਨ ਕਰਕੇ ਉਨ੍ਹਾਂ ਨੇ ਆਦੇਸ਼ ਦਿੱਤਾ ਕਿ ਅੱਜ ਤੋਂ ਬਾਅਦ ਦੇਹਧਾਰੀ ਗੁਰੂ ਦੀ ਪਰੰਪਰਾ ਖਤਮ ਕੀਤੀ ਜਾਂਦੀ ਹੈ।

ਕੁਝ ਸਿੱਖਾਂ ਨੇ ਗੁਰੂਜੀ ਨੂੰ ਪ੍ਰਸ਼ਨ ਕੀਤਾ ਕਿ ਜੇ ਤੁਹਾਡੇ ਦਰਸ਼ਨਾਂ ਦੀ ਇੱਛਾ ਹੋਵੇ ਤਾਂ ਕਿਵੇਂ ਕੀਤੇ ਜਾਣ? ਗੁਰੂਜੀ ਨੇ ਸਪਸ਼ਟ ਕੀਤਾ ਕਿ ਉਨ੍ਹਾਂ ਦੀ ਆਤਮਾ ਗੁਰੂ ਗ੍ਰੰਥ ਸਾਹਿਬ ਅਤੇ ਸਰੀਰ ਪੰਥ ਵਿਚ ਹਾਜ਼ਰ ਰਹੇਗਾ। ਪਰ ਸਿੱਖਾਂ ਨੇ ਕੁਝ ਹੋਰ ਵਿਸਥਾਰ ਨਾਲ ਜਾਨਣ ਲਈ ਕਈ ਪ੍ਰਸ਼ਨ ਕੀਤੇ। ਇੱਕ ਸਿੱਖ ਨੇ ਪ੍ਰਸ਼ਨ ਕੀਤਾ ਕਿ ਹਮੇਸ਼ਾ ਪੰਥ ਦੇ ਦਰਸ਼ਨ ਕਰਨੇ ਮੁਸ਼ਕਿਲ ਹਨ। ਕਿਉਂਕਿ ਮੁਸੀਬਤਾਂ ਵਿਚ ਖਾਲਸੇ ਦਾ ਇਕੱਠੇ ਹੋ ਕੇ ਮਿਲ ਬੈਠਣਾ ਸੰਭਵ ਨਹੀਂ ਹੋ ਸਕਦਾ। ਇਸ ਤਰ੍ਹਾਂ ਗੁਰੂ ਸਾਹਿਬ ਦੇ ਦਰਸ਼ਨ ਕਿਵੇਂ ਹੋਣਗੇ? ਗੁਰੂਜੀ ਨੇ ਇਸ ਦਾ ਹੱਲ ਇਹ ਦੱਸਿਆ ਕਿ ਜਿਥੇ ਮੁਸ਼ਕਿਲ ਹਾਲਾਤ ਹੋਣ ਤਾਂ ਕੇਵਲ ਪੰਜ ਪਿਆਰਿਆਂ ਦੇ ਦਰਸ਼ਨ ਹੀ ਮੇਰੇ ਦਰਸ਼ਨ ਹੋਣਗੇ । ਜੇ ਕਿਸੇ ਕਾਰਨ ਗੁਰੂ ਦੀ ਲੋੜ ਪਵੇ ਤਾਂ ਗੁਰੂ ਦੇ ਥਾਂ ਤੇ ਪੰਜ ਤਿਆਰ ਬਾਰ-ਤਿਆਰ ਸਿੱਖ ਪੰਜ ਪਿਆਰਿਆਂ ਦਾ ਰੂਪ ਬਣ ਕੇ ਗੁਰੂ ਦੀ ਪ੍ਰਤੀਨਿਧਤਾ ਕਰਨਗੇ।

## ਸੱਚਖੰਡ ਗਮਨ

ਗੁਰੂਜੀ ਨੇ ਸਿੱਖਾਂ ਨੂੰ ਇੱਕ ਖਾਸ ਤੰਬੂ ਵਿਚ ਚਿਤਾ ਤਿਆਰ ਕਰਨ ਦਾ ਆਦੇਸ਼ ਦਿੱਤਾ। ਜਦ ਚਿਤਾ ਤਿਆਰ ਹੋ ਗਈ ਤਾਂ ਆਪ ਗੁਰੂ ਜੀ ਨੇ ਰੋਜ਼ ਵਾਂਗ ਆਪਣਾ ਕਮਰ-ਕਸਾ ਸਜਾਇਆ। ਧਨੁਸ਼-ਬਾਣ ਮੋਢੇ ਤੇ ਰੱਖਿਆ ਅਤੇ ਬੰਦੂਕ ਨੂੰ ਸੱਜੇ ਹੱਥ ਵਿਚ ਫੜ੍ਹ ਕੇ ਘੋੜੇ ਤੇ ਸਵਾਰ ਹੋ ਗਏ। ਵੇਖਣ ਵਿਚ ਇਸ ਤਰ੍ਹਾਂ ਜਾਪਦਾ ਸੀ ਜਿਵੇਂ ਸ਼ਿਕਾਰ ਖੇਡਣ ਚੱਲੇ ਹੋਣ ਪਰ ਉਨ੍ਹਾਂ ਨੇ ਸਾਰੀ ਸੰਗਤ ਨੂੰ ਆਖੀਰੀ ਵਾਰ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।" ਕਹਿ ਕੇ ਅੰਤਿਮ ਵਿਦਾਈ ਲਈ। ਫਿਰ ਉਸ ਤੰਬੂ ਵੱਲ ਚੱਲ ਪਏ, ਜਿਸ ਤੰਬੂ ਵਿਚ ਉਨ੍ਹਾਂ ਨੇ ਆਪਣੇ ਲਈ ਚਿਤਾ ਤਿਆਰ ਕਰਵਾਈ ਸੀ। ਤੰਬੂ ਦੇ ਅੰਦਰ ਜਾਣ ਦੀ ਆਗਿਆ ਕਿਸੇ ਨੂੰ ਨਹੀਂ ਸੀ। ਉਥੋਂ ਘੋੜੇ ਤੋਂ ਉਤਰ ਕੇ ਉਹ ਅੰਦਰ ਗਏ। ਸਿੱਖ ਹੈਰਾਨੀ ਅਤੇ ਗਮਗੀਨ ਅਵਸਥਾ

ਵਿਚ ਡੁੱਬੇ ਹੋਏ ਮੂਰਤੀਆਂ ਵਾਂਗ ਖਲੋਤੇ ਰਹੇ। ਗੁਰੂ ਜੀ ਨੇ ਸਮਾਧੀ ਲਾਈ ਅਤੇ ਚਿਤਾ ਤੇ ਲੇਟ ਗਏ। ਇਸ ਤਰ੍ਹਾਂ ਗੁਰੂ ਜੀ ਜੋਤੀ-ਜੋਤ ਸਮਾ ਗਏ।

ਗੁਰੂ ਜੀ ਜਾਂਦੇ ਹੋਏ ਕਹਿ ਗਏ ਕਿ ਕੋਈ ਉਨ੍ਹਾਂ ਦੀ ਯਾਦਗਾਰ ਨਾ ਬਣਵਾਏ। ਉਨ੍ਹਾਂ ਦੀ ਯਾਦ ਦੀ ਅਸਲੀ ਥਾਂ ਤਾਂ ਸਿੱਖਾਂ ਦਾ ਹਿਰਦਾ ਹੀ ਹੋਣਾ ਚਾਹੀਦਾ ਹੈ। ਭਲਾ ਖਾਲਸਾ ਉਨ੍ਹਾਂ ਦੇ ਪਰਉਪਕਾਰਾਂ ਨੂੰ ਕਿਵੇਂ ਭੁੱਲ ਸਕਦਾ ਸੀ? ਬਾਅਦ ਵਿਚ ਗੁਰੂ ਜੀ ਦੀ ਯਾਦ ਵਿਚ ਉਥੇ ਇਕ ਥੜ੍ਹਾ (ਚਬੂਤਰਾ) ਬਣਾ ਦਿੱਤਾ ਗਿਆ। ਦਸਮ ਪਿਤਾ ਦੇ ਜੋਤੀ ਜੋਤ ਸਮਾਉਣ ਦੀ ਘਟਨਾ ਬਾਰੇ ਅਸੀਂ ਸਿਖ ਚਿੰਤਕ ਹਰਿੰਦਰ ਸਿੰਘ ਮਹਿਬੂਬ ਦੇ ਵਿਚਾਰ ਪੇਸ਼ ਕਰਨ ਦੀ ਖੁਸ਼ੀ ਲੈ ਰਹੇ ਹਾਂ ਜੋ ਇਸ ਪ੍ਰਕਾਰ ਹਨ।

**ਅਨੁਵਾਦਕ : ਬੀਬੀ ਸਤਵੀਰ ਕੌਰ**

ਖਾਲਸਾ ਅਕਾਲ ਪੁਰਖ ਕੀ ਫੌਜ ॥
ਪਰਗਟਿਓ ਖਾਲਸਾ ਪਰਮਾਤਮ ਕੀ ਮੌਜ॥
ਜਬ ਲਗ ਖ਼ਾਲਸਾ ਰਹੇ ਨਿਆਰਾ॥
ਤਬ ਲਗ ਤੇਜ ਦੀਉ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਕੀ ਰੀਤਿ॥
ਮੈਂ ਨ ਕਰੋਂ ਇਨ ਕੀ ਪ੍ਰਤੀਤਿ॥

**ਨੋਟ :** ਜੇਕਰ ਕੋਈ ਸੱਜਣ ਇਸ ਪੁਸਤਿਕਾ ਨੂੰ ਮੁੜ ਪ੍ਰਕਾਸ਼ਿਤ ਕਰਵਾਣਾ ਚਾਹੇ ਤਾਂ ਉਹ ਮੁਫਤ ਵੰਡਣ ਦੀ ਸੇਵਾ ਕਰਵਾ ਸਕਦਾ ਹੈ ।

ਕੁਛ ਇਕ ਇਤਿਹਾਸਕਾਰਾਂ ਦਾ ਆਪਣਾ ਨਿਜ਼ੀ ਵਿਚਾਰ ਹੈ ਕਿ ਹੋ ਸਕਦਾ ਹੈ ਸ਼ਾਇਦ ਸਰਹਿੰਦ ਦੇ ਸੂਬੇਦਾਰ (ਰਾਜਪਾਲ) ਵਜ਼ੀਦ ਖਾਨ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਹੱਤਿਆ ਕਰਨ ਦੀ ਸਾਜਿਸ਼ ਰਚੀ ਹੋਵੇ ਜਿਸ ਵਿਚ ਉਸ ਨੇ ਗੁਰੂ ਜੀ ਤੇ ਮਾਰੂਵਾਰ ਕਰਨ ਲਈ ਇਨ੍ਹਾਂ ਪਠਾਣ ਭਰਾਵਾਂ ਨੂੰ ਵਰਤਿਆ ਹੋਵੇ।

**ਆਪ ਜੀ ਦਾ ਸ਼ੁਭ ਚਿੰਤਕ**

**ਲੇਖਕ-ਜਸਵੀਰ ਸਿੰਘ**

**ਸਮਾਪਤ**

निम्नलिखित वेबसाइट में दस गुरूजनों का सम्पूर्ण जीवन वृत्तांत विस्तृत रूप में अवश्य देखें तथा पढ़ें।

# www.sikhworld.info
# or
# www.sikhhistory.in

## E-mail : info@sikhworld.info
## &
## jasbirsikhworldinfo@gmail.com

ਉਪਰੋਕਤ ਵੇਬ ਸਾਇਟ ਵਿੱਚ ਦਸ ਗੁਰੂਸਾਹਿਬਾਂਨ ਦਾ ਸੰਪੂਰਨ ਜੀਵਨ ਬਿਉਰਾ ਵਿਸਤਾਰ ਸਹਿਤ ਜ਼ਰੂਰ ਦੇਖੋ ਅਤੇ ਪੜੋ ਜੀ।

-ਇਸ ਵੈਬ ਸਾਈਟ ਦੀ ਵਿਸ਼ੇਸ਼ਤਾ

ਇਸ ਵਿਚ ਹੈ ਇਕ ਵਿਸਾਲ ਸਿੱਖ ਸੰਗ੍ਰਹਾਲਯ (Museum)
ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵ੍ਰਿਤਾਤਾਂ ਨਾਲ ਸਮਬੰਦਿਤ ਘਟਨਾ ਕਰਮ ਦੀਆਂ ਤਸਵੀਰਾਂ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤਕ ਕਾਲਪਨਿਕ ਤਸਵੀਰਾਂ ਜੋ ਇਤਿਹਾਸ ਦ੍ਰਸਾਂਆਉਦੀਆਂ ਹਨ ਅਤੇ ਉਨ੍ਹਾਂ ਹੇਠ ਹਨ ਹਿੰਦੀ, ਪੰਜਾਬੀ ਵਿਚ ਟਿਪਣੀਆਂ (ਫੁਟਨੋਟ) ਜੋਕਿ ਘਟਨਾਂ ਕਰਮ ਅਤੇ ਇਤਿਹਾਸਿਕ ਪਰਸੰਗਾਂ ਦਾ ਵਰਣਨ ਕਰਿਦਿਆਂ ਹਨ।
ਨੋਟ :– ਇਹ ਕਮ ਬੱਚਿਆਂ ਦੀ ਰੁਚੀ ਨੂੰ ਮੁਖ ਰਖਦੇ ਕੀਤਾ ਗਿਆ ਹੈ। ਤਾਕਿ ਉਹ ਸਹਿਜੇ ਹੀ ਅਪਣਾ ਇਤਿਹਾਸ ਜਾਣ ਸਕਣ। ਮੈਂਨੂੰ ਉਮਿਦ ਹੈ ਕਿ ਸਿੱਖ ਜਗਤ ਦੇ ਕਿਸ਼ੋਰ ਅਤੇ ਯੁਵਕ ਇਸ ਵਿਧਿ ਤੋਂ ਲਾਭ ਉਠਾਉਣਗੇ। ਕਿਉਂਕਿ ਇਸ ਵਿਧਿ ਵਿਚ ਅੱਧੀ ਗਲ ਤਸਵੀਰਾਂ ਕਹਿੰਦੀਆਂ ਹਨ ਅਤੇ ਅੱਧੀ ਗਲ ਫੁਟ ਨੋਟ। ਇਸ ਤਰ੍ਹਾਂ ਪਠਕਾਂ ਦੇ ਮਨ ਵਿਚ ਅਪਣੇ ਇਤਿਹਾਸ ਨੂੰ ਪੜਨ ਲਈ ਇੱਛਾ ਜਾਗਰਿਤ ਹੋ ਜਾਂਦੀ ਹੈ।
ਹੁਣ ਤੁਸੀ ਇਸ ਤੋਂ ਅਗੇ ਸਤਾਰਵੀਂ, ਅਠਾਹਰਵੀਂ ਅਤੇ ਉਨ੍ਹੰਵੀਂ ਸੱਦੀ ਦੇ ਸ਼ਹੀਦਾਂ ਦੀਆਂ ਤਸਵੀਰਾਂ ਫੁਟ ਨੋਟ ਸਹਿਤ ਵੇਖੋਗੇ। ਇਸ ਦੇ ਨਾਲ ਹੀ ਸਿੱਖ ਮਾਹਾਪੁਰਖਾਂ ਦੇ ਚਿਤਰ ਅਤੇ ਬੁਧੀ ਜੀਵੀਆਂ ਦੇ ਚਿੱਤਰ ਅਤੇ ਟਿਪੜਿਆਂ ਪੜ੍ਹ ਸਕੋਗੇ।
ਕ੍ਰਿਪਾ ਕਰਕੇ ਆਪ ਜੀ ਸਿੱਖ ਮਿਅਉਜਿਯਮ ਤੇ ਜ਼ਰੂਰੀ ਕਿਲੀਕ ਕਰੋਜੀ।

-ਇਸ ਵੈਬ ਸਾਈਟ ਦੀ ਵਿਸ਼ੇਸ਼ਤਾ

ਨੋਟ:-

1. ਜੇਕਰ ਕੋਈ ਇਸ ਨੂੰ ਦੁਬਾਰਾ ਪ੍ਰਕਾਸ਼ਿਤ ਕਰਵਾਣਾ ਚਾਹੇ ਤਾਂ ਉਹ ਇਸ ਨੂੰ ਮੁਫ਼ਤ ਵੰਡ ਸਕਦਾ ਹੈ।
2. यदि कोई इसे पुनः प्रकाशित करवाना चाहे तो वह निःशुल्क बटवा सकता है।

**Download Free**